Punjabi

# ਆਰਜ਼ੀ ਵਿਦੇਸ਼ੀ ਵਰਕਰ

## ਕਰਮਚਾਰੀਆਂ ਲਈ ਗਾਈਡ



Alberta

Freedom To Create. Spirit To Achieve.

# ਵਿਸ਼ਾ-ਵਸਤੂ ਸੂਚੀ


**ਜਾਣ-ਪਛਾਣ** 1

**ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ** 1

**ਵਿੱਚ ਕਰਮਚਾਰੀਆਂ ਨੂੰ ਕੀ ਜਾਣਨ ਦੀ ਲੋੜ ਹੈ** 4

ਰੁਜ਼ਗਾਰ ਦੇ ਮਿਆਰ 4
ਕੰਮ ਵਾਲੀ ਜਗ੍ਹਾ ਵਿਖੇ ਸਿਹਤ ਅਤੇ ਸੁਰੱਖਿਆ 7
ਰੁਜ਼ਗਾਰ ਏਜੰਸੀ ਦੀ ਵਰਤੋਂ ਕਰਨੀ 10
ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ ਲਈ ਜਾਣਕਾਰੀ 10
ਵਰਕਰਜ਼ ਕੰਪੈਨਸੇਸ਼ਨ 11
ਨਿੱਜੀ ਜਾਣਕਾਰੀ 13

**ਐਲਬਰਟਾ ਵੱਲੋਂ ਆਰਜ਼ੀ ਵਿਦੇਸ਼ੀ ਵਰਕਰਾਂ ਦੀ ਮਦਦ** 15

ਆਰਜ਼ੀ ਵਿਦੇਸ਼ੀ ਵਰਕਰਾਂ ਨੂੰ ਮਸ਼ਵਰਾ ਦੇਣ ਲਈ ਦਫ਼ਤਰ ਅਤੇ ਇਮਦਾਦੀ ਲਾਈਨ 15
ਐਲਬਰਟਾ ਵਿੱਚ ਆਵਾਸ ਲਈ ਜਾਣਕਾਰੀ ਸੇਵਾ 16
ਆਵਾਸੀਆਂ ਲਈ ਸੇਵਾ ਏਜੰਸੀਆਂ 17

**ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ** 19

**ਸਾਧਨ** 20

## ■ ਜਾਣ-ਪਛਾਣ

ਐਲਬਰਟਾ ਵਿੱਚ ਆਰਜ਼ੀ ਵਿਦੇਸ਼ੀ ਵਰਕਰ ਵਜੋਂ ਤੁਹਾਨੂੰ ਉਹ ਸਾਰੇ ਅਧਿਕਾਰ ਅਤੇ ਜ਼ੁੰਮੇਵਾਰੀਆਂ ਹਾਸਲ ਹਨ ਜਿਹੜੀਆਂ ਕਿ ਕੰਮ ਕਰਨ ਵਾਲੀ ਜਗ੍ਹਾ ਕਿਸੇ ਹੋਰ ਕਰਮਚਾਰੀ ਨੂੰ ਹਨ। ਐਲਬਰਟਾ ਐਂਪਲਾਇਮੈਂਟ ਸਟੈਂਡਰਡਜ਼, ਵਰਕਪਲੇਸ ਹੈਲ਼ਥ ਐਂਡ ਸੇਫ਼ਟੀ ਅਤੇ ਵਰਕਰਜ਼ ਕੰਪੈਨਸੇਸ਼ਨ ਕਨੂੰਨ ਅਧੀਨ ਤੁਹਾਨੂੰ ਸੁਰੱਖਿਆ ਮਿਲਦੀ ਹੈ।

ਇਹ ਜਾਣਕਾਰੀ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਤੁਹਾਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ ਅਤੇ ਅਧਿਕ ਸਾਧਨ ਕਿੱਥੋਂ ਉਪਲਬਧ ਹੁੰਦੇ ਹਨ।

## ■ ਆਰਜ਼ੀ ਵਿਦੇਸ਼ੀ ਵਰਕਰਾਂ ਲਈ ਪ੍ਰੋਗਰਾਮ

ਫ਼ੈਡਰਲ ਸਰਕਾਰ ਦਾ ਆਰਜ਼ੀ ਵਿਦੇਸ਼ੀ ਵਰਕਰਾਂ ਲਈ ਪ੍ਰੋਗਰਾਮ ਯੋਗ ਵਰਕਰਾਂ ਨੂੰ ਕੈਨੇਡਾ ਵਿੱਚ ਅਧਿਕਾਰਤ ਸਮੇਂ ਦੀ ਮਿਆਦ ਲਈ ਪਰਵਾਨਗੀ ਦਿੰਦਾ ਹੈ।

ਆਰਜ਼ੀ ਵਿਦੇਸ਼ੀ ਵਰਕਰਾਂ ਲਈ ਪ੍ਰੋਗਰਾਮ ਦਾ ਪ੍ਰਬੰਧ ਕਰਨ ਅਤੇ ਚਲਾਉਣ ਵਾਸਤੇ ਤਿੰਨ ਵਿਭਾਗ- ਸਿਟੀਜ਼ਨਸ਼ਿੱਪ ਐਂਡ ਇੰਮੀਗਰੇਸ਼ਨ ਕੈਨੇਡਾ (CIC) ਸਰਵਿਸ ਕੈਨੇਡਾ ਅਤੇ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ (CBSA) ਮਿਲ ਕੇ ਕੰਮ ਕਰਦੇ ਹਨ।

### ਸਰਵਿਸ ਕੈਨੇਡਾ

ਲੇਬਰ ਮਾਰਕਿਟ ਉਪਿਨੀਅਨਜ਼ (LMOs) ਲਈ ਮਾਲਕਾਂ ਵੱਲੋਂ ਦਿੱਤੀਆਂ ਅਰਜ਼ੀਆਂ ਉੱਤੇ ਸਰਵਿਸ ਕੈਨੇਡਾ ਕਾਰਵਾਈ ਕਰਦਾ ਹੈ ਅਤੇ ਯਕੀਨੀ ਬਣਾਉਂਦਾ ਹੈ ਕਿ ਸਾਰੀਆਂ ਜ਼ਰੂਰੀ ਸ਼ਰਤਾਂ ਪੂਰੀਆਂ ਕੀਤੀਆਂ ਹੋਈਆਂ ਹੋਣ। ਵਿਦੇਸ਼ੀ ਵਰਕਰ (ਾਂ) ਨੂੰ ਨੌਕਰੀ 'ਤੇ ਰੱਖਣ ਨਾਲ ਕੈਨੇਡੀਅਨ ਮਜ਼ਦੂਰ ਮੰਡੀ ਉੱਪਰ ਪੈਣ ਵਾਲੇ ਸੰਭਾਵੀ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਐਲਐਮਓ ਇੱਕ ਰਾਏ ਹੁੰਦੀ ਹੈ ਜੋ ਸਰਵਿਸ ਕੈਨੇਡਾ ਵੱਲੋਂ ਮਾਲਕਾਂ ਨੂੰ ਦਿੱਤੀ ਜਾਂਦੀ ਹੈ। ਹਰੇਕ ਪ੍ਰਾਂਤ ਅੰਦਰ ਸਰਵਿਸ ਕੈਨੇਡਾ ਸੈਂਟਰ ਵਿਦੇਸ਼ੀ ਵਰਕਰਾਂ ਦੀਆਂ ਬੇਨਤੀਆਂ (ਐਲਐਮਓ ਅਰਜ਼ੀਆਂ) ਉੱਤੇ ਕਾਰਵਾਈ ਕਰਦਾ ਹੈ।

### ਸਿਟੀਜ਼ਨਸ਼ਿੱਪ ਐਂਡ ਇੰਮੀਗਰੇਸ਼ਨ ਕੈਨੇਡਾ

ਇਹ ਨਿਰਣਾ ਕਰਨ ਲਈ ਕਿ ਕੈਨੇਡਾ ਅੰਦਰ ਕੰਮ ਕਰਨ ਲਈ ਕੌਣ ਯੋਗ ਹੈ, ਕੈਨੇਡਾ ਤੋਂ ਬਾਹਰ ਕੈਨੇਡੀਅਨ ਦੂਤਾਵਾਸਾਂ, ਹਾਈ ਕਮਿਸ਼ਨਾਂ ਅਤੇ ਕੌਂਸਲੇਟਾਂ ਵਿੱਚ ਸੀਆਈਸੀ (CIC) ਅਤੇ ਇਸ ਦੇ ਵੀਜ਼ਾ ਦਫ਼ਤਰ ਕੰਮ ਕਰਨ ਲਈ ਪਰਮਿਟ ਦੀਆਂ ਅਰਜ਼ੀਆਂ ਉੱਤੇ ਕਾਰਵਾਈ ਕਰਦੇ ਹਨ। ਬਹੁਤੀਆਂ ਹਾਲਤਾਂ ਵਿੱਚ, ਕੈਨੇਡਾ ਵਿੱਚ ਕੰਮ ਕਰਨ ਦੇ ਚਾਹਵਾਨ ਵਰਕਰ ਸਭ ਤੋਂ ਪਹਿਲਾਂ (CIC) ਨਾਲ ਸੰਪਰਕ ਕਰਦੇ ਹਨ, ਭਾਵੇਂ ਕੁਝ ਹਾਲਤਾਂ ਵਿੱਚ, ਉਹ ਕੰਮ ਕਰਨ ਲਈ ਪਰਮਿਟ ਲਈ (ਕੈਨੇਡਾ ਵਿੱਚ) ਦਾਖ਼ਲ ਹੋਣ ਵਾਲੀ ਜਗ੍ਹਾ ਵੀ ਅਰਜ਼ੀ ਦੇ ਸਕਦੇ ਹਨ।

### ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ

ਭੋਰਦਏਰ. ਏਰਵਚਿਇਸੌ ਾਚਿਇਰਸ ਸਚਰਏਏਨ ੋਰਏਗਿਨੌ ਰਕਏਰਸ ਅਟ ਛਅਨਅਦਅਿਨ ਬੋਰਦਏਰ ਚਰੋਸਸਨਿਗਸ ਅਨਦ ਅਰਿਪੋਰਟਸ ਬਏੋਰਏ ਸਿਸੁਨਿਗੌ ਰਕ ਪਏਰਮਟਿਸ ਅਨਦ ਅਲਲੌਨਿਗ ਟਹਏਰਿ ਏਨਟਰੇ ਨਿਟੋ ਛਅਨਅਦਅ. ੳ ਭੋਰਦਏਰ. ਏਰਵਚਿਇਸੌ ਾਚਿਇਰ ਹਅਸ ਟਹਏ ਾਨਿਅਲ ਸਐੌ ਨ ੱਹੋ



ਐਂਪਲਾਇਮੈਂਟ ਇੰਨਸ਼ੋਰੈਂਸ ਦੁਆਰਾ ਬੇਰੁਜ਼ਗਾਰੀ ਦੇ ਸਮੇਂ ਦੌਰਾਨ ਆਰਜ਼ੀ ਆਮਦਨ ਦੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਆਰਜ਼ੀ ਵਿਦੇਸ਼ੀ ਵਰਕਰਾਂ ਲਈ ਕੈਨੇਡੀਅਨ ਸ਼ਹਿਰੀਆਂ ਜਾਂ ਪੱਕੇ ਰਿਹਾਇਸ਼ੀਆਂ ਵਾਲੀਆਂ ਯੋਗਤਾ ਦੀਆਂ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ।

ਮਐ ਏਨਟਏਰ ਛਅਨਅਦਅ. ੌਾਚਿਇਰਸ ਚਅਨ ਦਏਨੇ ਏਨਟਰੇ ਟੋ ਅ ੋਰਏਗਿਨ ੌਰਕਏਰ ਿ ਟਹਏ ਬਏਲਇਵਏ ਟਹਏ ੋਰਏਗਿਨ ੌਰਕਏਰ ਦੋਏਸ ਨੋਟ ਮਏਏਟ ਟਹਏ ਰਏਤੁਰਿਏਮਏਨਟਸ ੋਾ ਟਹਏ ਿਮਮਗਿਰਅਟੋਿਨ ਅਨਦ੍ ਏਾਗਏਏ ਫਰੋਟਏਚਟੋਿਨ ੳਚਟ.

## ਆਮ ਜਾਣਕਾਰੀ

### ਕੰਮ ਕਰਨ ਲਈ ਪਰਮਿਟ ਸੰਬੰਧੀ ਲੋੜਾਂ ਅਤੇ ਸ਼ਰਤਾਂ

ਤੁਹਾਨੂੰ ਕੰਮ ਕਰਨ ਲਈ ਪਰਮਿਟ ਦੀਆਂ ਸਾਰੀਆਂ ਲੋੜਾਂ ਅਤੇ ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ। ਵਰਕ ਪਰਮਿਟ ਵਿੱਚ ਖ਼ਾਸ ਤੌਰ ਤੇ ਤੁਹਾਡੇ ਕੰਮ ਦੇ ਮਾਲਕ, ਜਿੱਥੇ ਤੁਸੀਂ ਕੰਮ ਕਰਦੇ ਹੋ, ਅਤੇ ਜਿਸ ਕਿਸਮ ਦਾ ਕੰਮ ਕਰਦੇ ਹੋ ਦਾ ਜ਼ਿਕਰ ਹੁੰਦਾ ਹੈ । ਇਸ ਵਿੱਚ ਉਹ ਮਿਆਦ ਵੀ ਦਿੱਤੀ ਹੁੰਦੀ ਹੈ ਜਿਸ ਸਮੇਂ ਲਈ ਵਰਕ ਪਰਮਿਟ ਜਾਇਜ਼ ਹੁੰਦਾ ਹੈ।

### ਕੰਮ ਕਰਨ ਦੇ ਪਰਮਿਟ ਦੀਆਂ ਸ਼ਰਤਾਂ ਵਿੱਚ ਤਬਦੀਲੀ

ਵਿਦੇਸ਼ੀ ਵਰਕਰ ਵਜੋਂ, ਤੁਸੀਂ ਆਪਣੇ ਠਹਿਰਣ ਦਾ ਸਮਾਂ ਵਧਾਉਣ ਲਈ, ਠਹਿਰਣ ਦੀਆਂ ਸ਼ਰਤਾਂ ਵਿੱਚ, ਆਰਜ਼ੀ ਦਰਜੇ ਦੀ ਕਿਸਮ ਵਿੱਚ ਤਬਦੀਲੀ ਕਰਨ, ਜਾਂ ਆਪਣੇ ਦਰਜੇ ਵਿਚਲੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਬੇਨਤੀ ਕਰ ਸਕਦੇ ਹੋ। ਜ਼ਰੂਰੀ ਗੱਲ ਇਹ ਹੁੰਦੀ ਹੈ ਕਿ ਆਪਣੇ ਮੌਜੂਦਾ ਦਸਤਾਵੇਜ਼ਾਂ ਦੀ ਆਖ਼ਰੀ ਮਿਤੀ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਨੂੰ ਨਵਾਂਕਰਨ ਲਈ ਅਰਜ਼ੀ ਦੇ ਦਿਓ। ਅਰਜ਼ੀਆਂ **www.cic.gc.ca**, ਤੋਂ ਜਾਂ **1-888-242-2100**‘ਤੇ ਫ਼ੋਨ ਕਰ ਕੇ ਹਾਸਲ ਕੀਤੀਆਂ ਜਾ ਸਕਦੀਆਂ ਹਨ।

### ਖ਼ਾਤਮਾ

ਜੇ ਤੁਸੀਂ ਇਕਰਾਰਨਾਮੇ ਵਿੱਚ ਦਰਜ ਮਾਲਕ ਦੀਆਂ ਉਮੀਦਾਂ ਅਨੁਸਾਰ ਪੂਰੇ ਨਹੀਂ ਉੱਤਰਦੇ ਤਾਂ ਮਾਲਕ ਨੂੰ ਤੁਹਾਡੀ ਨੌਕਰੀ ਖ਼ਤਮ ਕਰਨ ਦਾ ਹੱਕ ਹਾਸਲ ਹੁੰਦਾ ਹੈ। ਬਾਹਰਲੀਆਂ ਹਾਲਤਾਂ, ਜਿਵੇਂ ਕਿ ਆਰਥਕਤਾ ਵਿੱਚ ਤਬਦੀਲੀਆਂ ਵੀ ਤੁਹਾਡੀ ਨੌਕਰੀ ਦੀ ਲੋੜ ਨੂੰ ਖ਼ਤਮ ਕਰ ਸਕਦੀਆਂ ਹਨ। ਹਰ ਸੂਰਤ ਵਿੱਚ, ਤੁਹਾਨੂੰ ਨੌਕਰੀ ਦੇ ਖ਼ਾਤਮੇ ਦਾ ਨੋਟਿਸ ਜਾਂ ਨੋਟਿਸ ਦੇ ਬਦਲੇ ਤਨਖ਼ਾਹ ਦੇਣੀ ਲਾਜ਼ਮੀ ਹੈ।

### ਐਂਪਲਾਇਮੈਂਟ ਇੰਨਸ਼ੋਰੈਂਸ

ਐਂਪਲਾਇਮੈਂਟ ਇੰਨਸ਼ੋਰੈਂਸ ਦੁਆਰਾ ਬੇਰੁਜ਼ਗਾਰੀ ਦੇ ਸਮੇਂ ਦੌਰਾਨ ਆਰਜ਼ੀ ਆਮਦਨ ਦੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ। ਆਰਜ਼ੀ ਵਿਦੇਸ਼ੀ ਵਰਕਰਾਂ ਲਈ ਕੈਨੇਡੀਅਨ ਸ਼ਹਿਰੀਆਂ ਜਾਂ ਪੱਕੇ ਰਿਹਾਇਸ਼ੀਆਂ ਵਾਲੀਆਂ ਯੋਗਤਾ ਦੀਆਂ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ।

ਐਂਪਲਾਇਮੈਂਟ ਇੰਨਸ਼ੋਰੈਂਸ ਸੰਬੰਧੀ ਵਧੇਰੇ ਜਾਣਕਾਰੀ ਲਈ **www.servicecanada.gc.ca** ‘ਤੇ ਜਾਓ ਜਾਂ **1-800-206-7218** ਨੂੰ ਫ਼ੋਨ ਕਰੋ।

### ਨਵੀਂ ਨੌਕਰੀ ਲੱਭਣੀ

ਤੁਸੀਂ ਕਿਸੇ ਸਮੇਂ ਵੀ ਨਵੇਂ ਮਾਲਕ ਕੋਲ ਨੌਕਰੀ ਕਰ ਸਕਦੇ ਹੋ। ਫ਼ਿਰ ਵੀ, ਤੁਹਾਡੇ ਨਵੇਂ ਮਾਲਕ ਨੂੰ ਲੇਬਰ ਮਾਰਕਿਟ ਉਪਿਨੀਅਨ (LMO) ਹਾਸਲ ਕਰਨਾ ਪਵੇਗਾ ਅਤੇ ਤੁਹਾਨੂੰ ਨਵੇਂ ਵਰਕ ਪਰਮਿਟ ਲਈ ਅਰਜ਼ੀ ਦੇਣੀ ਪਵੇਗੀ ਜਿਸ ਵਿੱਚ ਮਾਲਕ, ਜਗ੍ਹਾ ਅਤੇ/ਜਾਂ ਨੌਕਰੀ ਬਦਲਣ ਦੇ ਵੇਰਵੇ ਦਰਜ ਹੋਣੇ ਚਾਹੀਦੇ ਹਨ।

**ਆਰਜ਼ੀ ਵਿਦੇਸ਼ੀ ਵਰਕਰ ਨੂੰ ਵਾਪਸ ਉਸ ਦੇ ਦੇਸ ਭੇਜਣਾ**

ਤੁਹਾਨੂੰ ਆਪਣੇ ਵਰਕ ਪਰਮਿਟ ਦੀ ਪੂਰੀ ਮਿਆਦ ਲਈ ਕੈਨੇਡਾ ਵਿੱਚ ਠਹਿਰਨ ਦਾ ਅਧਿਕਾਰ ਹੁੰਦਾ ਹੈ। ਜੇ ਤੁਹਾਡੇ ਕੰਮ ਦਾ ਇਕਰਾਰਨਾਮਾ ਵਰਕ ਪਰਮਿਟ ਦੀ ਮਿਆਦ ਤੋਂ ਪਹਿਲਾਂ ਖ਼ਤਮ ਕਰ ਦਿੱਤਾ ਜਾਂਦਾ ਹੈ ਜਾਂ ਤੁਸੀਂ ਕਿਸੇ ਹੋਰ ਮਾਲਕ ਕੋਲ ਨੌਕਰੀ ਕਰਨ ਦਾ ਫ਼ੈਸਲਾ ਕਰ ਲੈਂਦੇ ਹੋ ਤਾਂ ਮਾਲਕ ਜਾਂ ਐਂਪਲਾਇਮੈਂਟ ਏਜੰਸੀ ਤੁਹਾਨੂੰ ਜ਼ਬਰਦਸਤੀ ਵਾਪਸ ਤੁਹਾਡੇ ਦੇਸ਼ ਭੇਜਣ ਲਈ ਮਜਬੂਰ ਨਹੀਂ ਕਰ ਸਕਦੀ।

## ਉਲੰਘਣਾ ਦੀਆਂ ਘਟਨਾਵਾਂ ਦੀ ਰਿਪੋਰਟ ਕਰਨੀ

ਕਿਸੇ ਉਲੰਘਣਾ ਦੀ ਰਿਪੋਰਟ ਕਰਨ ਤੋਂ ਰੋਕਣ ਲਈ ਮਾਲਕ ਵੱਲੋਂ ਧੱਕੇਸ਼ਾਹੀ ਕਰਨੀ ਜਾਂ ਤੁਹਾਨੂੰ ਵਾਪਸ ਤੁਹਾਡੇ ਦੇਸ ਭੇਜ ਦੇਣ ਦੇ ਡਰਾਵੇ ਦੇਣੇ ਕਨੂੰਨ ਦੇ ਵਿਰੁੱਧ ਹਨ। ਅਜਿਹਾ ਮਾਲਕ ਜਾਂ ਐਂਪਲਾਇਮੈਂਟ ਏਜੰਸੀ ਜੋ ਇਸ ਤਰ੍ਹਾਂ ਕਰਨ ਦੀ ਕੋਸਿਸ਼ ਕਰਦੀ ਹੈ ਤਾਂ ਉਸ ਉੱਤੇ ਫ਼ੌਜਦਾਰੀ ਜ਼ਾਬਤੇ ਅਧੀਨ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਦੁਰਵਿਹਾਰ ਦੀ ਰਿਪੋਰਟ ਕਰਨ ਲਈ ਆਰਜ਼ੀ ਵਿਦੇਸ਼ੀ ਵਰਕਰਾਂ ਦੀ ਇਮਦਾਦੀ ਲਾਈਨ **1-877-944-9955** ਨੂੰ ਫ਼ੋਨ ਕਰੋ।

## ਪ੍ਰਤੀਨਿਧ ਦੀ ਵਰਤੋਂ ਕਰਨੀ

ਜੇ ਤੁਹਾਨੂੰ ਵਰਕ ਪਰਮਿਟ ਲਈ ਆਪਣੀ ਅਰਜ਼ੀ ਵਾਸਤੇ ਮਦਦ ਕਰਨ ਲਈ ਪ੍ਰਤੀਨਿਧ ਦੀ ਵਰਤੋਂ ਕਰਨੀ ਪੈਂਦੀ ਹੈ, ਤਾਂ ਅਰਜ਼ੀ ਵਿੱਚ ਦਿੱਤੀ ਜਾਣ ਵਾਲੀ ਜਾਣਕਾਰੀ ਦੇ ਸਹੀ ਹੋਣ ਬਾਰੇ ਜ਼ੁੰਮੇਵਾਰੀ ਫ਼ਿਰ ਵੀ ਤੁਹਾਡੀ ਹੀ ਹੁੰਦੀ ਹੈ। ਪ੍ਰਤੀਨਿਧ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ **www.cic.gc.ca** ਤੋਂ ਜਾਂ **1-888-242-2100** ਨੂੰ ਫ਼ੋਨ ਕਰ ਕੇ ਹਾਸਲ ਕੀਤੀ ਜਾ ਸਕਦੀ ਹੈ।

**ਸਰਵਿਸ ਕੈਨੇਡਾ**
**www.hrsdc.gc.ca/eng/workplaceskills/foreign_workers/index.shtml**
ਸਿਟੀਜ਼ਨਸ਼ਿੱਪ ਐਂਡ ਇੰਮੀਗਰੇਸ਼ਨ ਕੈਨੇਡਾ (CIC)
**www.cic.gc.ca | 1-888-242-2100**

# ਐਲਬਰਟਾ ਵਿੱਚ ਕਰਮਚਾਰੀਆਂ ਨੂੰ ਕੀ ਜਾਣਨ ਦੀ ਲੋੜ ਹੁੰਦੀ ਹੈ

## ਰੁਜ਼ਗਾਰ ਦੇ ਮਿਆਰ

ਕੰਮ ਵਾਲੀ ਜਗ੍ਹਾ ਵਿਖੇ ਰੁਜ਼ਗਾਰ ਦੇ ਮਿਆਰ ਮਾਲਕਾਂ ਅਤੇ ਕਰਮਚਾਰੀਆਂ ਵਾਸਤੇ ਰੁਜ਼ਗਾਰ ਦੇ ਘੱਟ ਤੋਂ ਘੱਟ ਮਿਆਰ ਹੁੰਦੇ ਹਨ।

ਤੁਹਾਡੇ ਮਾਲਕ ਨੇ ਤੁਹਾਨੂੰ ਨੌਕਰੀ ਦੇਣ ਲਈ ਤੁਹਾਡੇ ਅਤੇ ਸਰਕਾਰ ਨਾਲ ਇੱਕ ਇਕਰਾਰਨਾਮਾ ਕੀਤਾ ਹੁੰਦਾ ਹੈ। ਇਕਰਾਰਨਾਮਾ ਤੁਹਾਨੂੰ ਬਹੁਤ ਸਾਰੀ ਜਾਣਕਾਰੀ ਦਿੰਦਾ ਹੈ ਸਮੇਤ ਇਸ ਦੇ ਕਿ ਤੁਸੀਂ ਕਿੰਨੀ ਕੁ ਰਕਮ ਕਮਾਉਂਗੇ। ਮਾਲਕ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਪੂਰਾ ਕਰੇ।

ਜੇ ਇਕਰਾਰਨਾਮਾ ਮਾਲਕ ਤੋਂ ਇਹ ਮੰਗ ਕਰਦਾ ਹੋਵੇ ਕਿ ਉਹ ਹਵਾਈ ਸਫ਼ਰ, ਸਿਹਤ ਸੰਭਾਲ ਅਤੇ ਰਿਹਾਇਸ਼ ਦੇ ਖ਼ਰਚ ਦੇਵੇਗਾ ਤਾਂ ਫ਼ਿਰ ਮਾਲਕ ਤੁਹਾਥੋਂ ਇਨ੍ਹਾਂ ਖ਼ਰਚਿਆਂ ਨੂੰ ਵਾਪਸ ਉਗਰਾਹੁਣ ਲਈ ਕਟੌਤੀ (ਤੁਹਾਡੀ ਤਨਖ਼ਾਹ ਵਿੱਚੋਂ) ਨਹੀਂ ਕਰੇਗਾ। ਮਾਲਕ ਐਂਪਲਾਇਮੈਂਟ ਏਜੰਸੀ ਦੀ ਵਰਤੋਂ ਕਰਨ ਨਾਲ ਸੰਬੰਧਤ ਖ਼ਰਚੇ ਤੁਹਾਡੇ ਉੱਤੇ ਨਹੀਂ ਪਾ ਸਕਦਾ। ਭਾਵੇਂ ਤੁਸੀਂ ਲਿਖਤੀ ਰੂਪ ਵਿੱਚ ਪਰਵਾਨਗੀ ਦਿੱਤੀ ਹੋਵੇ, ਤੁਹਾਡਾ ਮਾਲਕ ਤੁਹਾਡੀ ਤਨਖ਼ਾਹ ਵਿੱਚੋਂ ਇਹ ਕਟੌਤੀ ਨਹੀਂ ਕਰ ਸਕਦਾ।

## ਮੈਨੂੰ ਕਦੋਂ ਅਤੇ ਕਿੰਨੀ ਅਦਾਇਗੀ ਹੁੰਦੀ ਹੈ?

ਮਾਲਕ ਵੱਲੋਂ ਤਨਖ਼ਾਹ ਦੀ ਅਦਾਇਗੀ ਦੀ ਬਾਕਾਇਦਾ ਮਿਆਦ ਜ਼ਰੂਰੀ ਨਿਸਚਤ ਹੋਈ ਹੁੰਦੀ ਹੈ ਜਿਵੇਂ ਕਿ ਹਰ ਹਫ਼ਤੇ ਪਿੱਛੋਂ, ਹਰ ਦੋ ਹਫ਼ਤਿਆਂ ਪਿਛੋਂ ਜਾਂ ਮਹੀਨੇ ਵਿੱਚ ਇੱਕ ਵਾਰੀ। ਤਨਖ਼ਾਹ ਦੀ ਅਦਾਇਗੀ ਦੀ ਹਰ ਮਿਆਦ ਦੇ ਅੰਤ ਪਿਛੋਂ ਦਸ ਦਿਨ ਦੇ ਅੰਦਰ ਤੁਹਾਨੂੰ ਅਦਾਇਗੀ ਜ਼ਰੂਰ ਹੋਣੀ ਚਾਹੀਦੀ ਹੈ। ਤੁਹਾਨੂੰ ਨਕਦ, ਚੈੱਕ ਜਾਂ ਮਨੀਆਰਡਰ ਰਾਹੀਂ ਜਾਂ ਤੁਹਾਡੇ ਬੈਂਕ ਵਿੱਚ ਡਾਇਰੈਕਟ ਡਿਪਾਜ਼ਿਟ ਰਾਹੀਂ ਅਦਾਇਗੀ ਕੀਤੀ ਜਾ ਸਕਦੀ ਹੈ।

## ਤੁਹਾਡੀ ਕਮਾਈ ਆਮਦਨ ਵਿੱਚੋਂ ਕਟੌਤੀਆਂ

ਐਂਪਲਾਇਮੈਂਟ ਸਟੈਂਡਰਡਜ਼ ਕੋਡ ਤੁਹਾਡੀ ਆਮਦਨੀ ਦੀ ਰਕਮ ਵਿੱਚੋਂ ਕੁਝ ਕਟੌਤੀਆਂ ਕਰਨ ਦੀ ਆਗਿਆ ਦਿੰਦਾ ਹੈ। ਇਹ ਕਟੌਤੀਆਂ ਇਨਕਮ ਟੈਕਸ, ਕੈਨੇਡਾ ਪੈਨਸ਼ਨ ਪਲੈਨ ਅਤੇ ਐਂਪਲਾਇਮੈਂਟ ਇੰਨਸ਼ੋਰੈਂਸ ਲਈ ਹੁੰਦੀਆਂ ਹਨ। ਜੇ ਮਾਲਕ ਹੋਰ ਕਟੌਤੀਆਂ ਕਰਨੀਆਂ ਚਾਹੁੰਦਾ ਹੋਵੇ, ਇਸ ਲਈ ਪਹਿਲਾਂ ਤੁਹਾਡੀ ਲਿਖਤੀ ਪ੍ਰਵਾਨਗੀ ਹੋਣੀ ਜ਼ਰੂਰੀ ਹੁੰਦੀ ਹੈ।

ਕੁਝ ਅਜਿਹੀਆਂ ਕਟੌਤੀਆਂ ਹੁੰਦੀਆਂ ਹਨ ਜਿੰਨ੍ਹਾਂ ਦੀ ਕਦੇ ਵੀ ਇਜਾਜ਼ਤ ਨਹੀਂ ਹੁੰਦੀ ਭਾਵੇਂ ਤੁਸੀਂ ਲਿਖਤੀ ਪ੍ਰਵਾਨਗੀ ਦਿੱਤੀ ਹੋਵੇ। ਮਾਲਕ ਨੁਕਸਦਾਰ ਕੰਮ ਲਈ ਕਟੌਤੀਆਂ ਨਹੀਂ ਕਰ ਸਕਦੇ। ਨਕਦ ਰਕਮ ਘਟ ਜਾਣ ਕਾਰਨ ਜਾਂ ਜਾਇਦਾਦ ਦੇ ਖਸਾਰੇ ਕਾਰਨ ਉਹ ਕਟੌਤੀਆਂ ਨਹੀਂ ਕਰ ਸਕਦੇ ਜੇ ਉਸ ਨਕਦ ਰਕਮ ਜਾਂ ਜਾਇਦਾਦ ਤੀਕ ਇੱਕ ਨਾਲੋਂ ਵੱਧ ਵਿਅਕਤੀ ਦੀ ਪਹੁੰਚ ਹੋਵੇ।

ਤੁਹਾਡਾ ਮਾਲਕ ਕੰਮ 'ਤੇ ਪਾਉਣ ਲਈ ਕੱਪੜਿਆਂ ਅਤੇ ਯੂਨੀਫ਼ਾਰਮ (ਵਰਦੀ) ਨੂੰ ਖ਼ਰੀਦਣ, ਉਨ੍ਹਾਂ ਦੀ ਸਫ਼ਾਈ, ਅਤੇ ਸਾਂਭ-ਸੰਭਾਲ ਦੇ ਖ਼ਰਚਿਆਂ ਤੋਂ ਵੱਧ ਤੁਹਾਡੇ ਕੋਲੋਂ ਨਹੀਂ ਉਗਰਾਹ ਸਕਦਾ। ਤੁਹਾਨੂੰ ਰਿਹਾਇਸ਼ ਲਈ ਜਗ੍ਹਾ ਦੇਣ ਬਦਲੇ ਮਾਲਕ ਵੱਲੋਂ ਪਾਏ ਜਾਂਦੇ ਖ਼ਰਚੇ ਦੇ ਦਰਾਂ ਦੀ ਵੀ ਸੀਮਾ ਹੁੰਦੀ ਹੈ। ਮੌਜੂਦਾ ਖਾਣ-ਪੀਣ ਅਤੇ ਰਿਹਾਇਸ਼ ਦੇ ਦਰਾਂ ਦਾ ਪਤਾ ਲਾਉਣ ਲਈ **www.employment.alberta.ca/es** ਉੱਤੇ ਜਾਓ।

## ਕੰਮ ਕਰਨ ਦੇ ਸਮੇਂ

- ਤੁਹਾਡੇ ਕੰਮ ਦਾ ਦਿਨ 12 ਘੰਟੇ ਤੋਂ ਵੱਧ ਨਹੀਂ ਹੋ ਸਕਦਾ।
- ਪੰਜ ਘੰਟਿਆਂ ਤੋਂ ਵੱਧ ਦੀ ਹਰੇਕ ਸ਼ਿਫ਼ਟ ਦੌਰਾਨ ਤੁਹਾਨੂੰ 30 ਮਿੰਟ ਅਰਾਮ ਕਰਨ ਲਈ ਦੇਣੇ ਜ਼ਰੂਰੀ ਹੁੰਦੇ ਹਨ।
- ਕੰਮ ਕਰਨ ਦੇ ਹਰ ਹਫ਼ਤੇ ਵਿੱਚ ਘੱਟੋ ਘੱਟ ਇੱਕ ਦਿਨ ਤੁਹਾਨੂੰ ਅਰਾਮ ਲਈ ਦੇਣਾ ਜ਼ਰੂਰੀ ਹੁੰਦਾ ਹੈ।

## ਓਵਰਟਾਈਮ ਅਤੇ ਓਵਰਟਾਈਮ ਲਈ ਤਨਖ਼ਾਹ

ਬਹੁਤੇ ਉਦਯੋਗਾਂ ਵਿੱਚ, ਦਿਨ ਵਿੱਚ ਅੱਠ ਘੰਟੇ ਜਾਂ ਹਫ਼ਤੇ ਵਿੱਚ 44 ਘੰਟੇ ਤੋਂ ਵੱਧ ਕੀਤੇ ਕੰਮ ਦੇ ਘੰਟੇ ਓਵਰਟਾਈਮ ਹੁੰਦੇ ਹਨ। ਜੇ ਤੁਹਾਨੂੰ ਹਫ਼ਤਾਵਾਰ, ਮਾਸਕ, ਜਾਂ ਸਾਲਾਨਾ ਤਨਖ਼ਾਹ ਮਿਲਦੀ ਹੋਵੇ, ਤਾਂ ਵੀ ਤੁਹਾਨੂੰ ਓਵਰਟਾਈਮ ਵਜੋਂ ਕੀਤੇ ਕੰਮ ਲਈ ਓਵਰਟਾਈਮ ਦਾ ਲਾਭ ਮਿਲੇਗਾ।

ਓਵਰਟਾਈਮ ਤੁਹਾਡੀ ਆਮ ਉਜਰਤ ਦਾ 1.5 ਗੁਣਾ ਹੁੰਦਾ ਹੈ ਜਾਂ ਤੁਸੀਂ ਅਤੇ ਤੁਹਾਡਾ ਮਾਲਕ ਇਸ ਗੱਲ 'ਤੇ ਸਹਿਮਤ ਹੋ ਸਕਦੇ ਹੋ ਕਿ ਓਵਰਟਾਈਮ ਤਨਖ਼ਾਹ ਦੀ ਬਜਾਏ ਤੁਹਾਨੂੰ ਤਨਖ਼ਾਹ ਸਮੇਤ ਛੁੱਟੀ ਦਾ ਸਮਾਂ (ਮਿਸਾਲ ਵਜੋਂ, ਇੱਕ ਦਿਨ ਦੀ ਛੁੱਟੀ) ਦਿੱਤਾ ਜਾਵੇ

ਇਹ ਯਕੀਨੀ ਬਣਾਉਣ ਲਈ ਕਿ ਸਾਰੇ ਕਰਮਚਾਰੀਆਂ ਨੂੰ ਉਚਿਤ ਢੰਗ ਨਾਲ ਅਦਾਇਗੀ ਹੁੰਦੀ ਹੈ, ਐਂਪਲਾਇਮੈਂਟ ਸਟੈਂਡਰਡਜ਼ ਕੰਮ ਵਾਲੀਆਂ ਥਾਵਾਂ ਦੀ ਪੇਅਰੋਲ (ਤਨਖ਼ਾਹਾਂ ਦੀ ਅਦਾਇਗੀ ਦੇ ਰਿਕਾਰਡ) ਦੀ ਜਾਂਚ-ਪੜਤਾਲ ਕਰਦਾ ਹੈ; ਇਨ੍ਹਾਂ ਥਾਵਾਂ ਵਿੱਚ ਅਜਿਹੀਆਂ ਥਾਵਾਂ ਵੀ ਸ਼ਾਮਲ ਹੁੰਦੀਆਂ ਹਨ ਜਿੱਥੇ ਆਰਜ਼ੀ ਵਿਦੇਸ਼ੀ ਵਰਕਰ ਕੰਮ ਕਰਦੇ ਹੋਣ।

## ਜਨਰਲ ਛੁੱਟੀਆਂ

ਐਂਪਲਾਇਮੈਂਟ ਸਟੈਂਡਰਡਜ਼ ਕੋਡ ਅਨੁਸਾਰ ਐਲਬਰਟਾ ਵਿੱਚ ਆਮ ਛੁੱਟੀਆਂ ਵਜੋਂ ਨੌਂ ਦਿਨ ਘੋਸ਼ਤ ਹਨ। ਇਨ੍ਹਾਂ ਦੀ ਪੂਰੀ ਸੂਚੀ ਅਤੇ ਇਨ੍ਹਾਂ ਲਈ ਯੋਗਤਾ ਸੰਬੰਧੀ ਸ਼ਰਤਾਂ ਵੇਖਣ ਲਈ **www.employment.alberta.ca/es** 'ਤੇ ਜਾਓ।

## ਵਕੇਸ਼ਨ (ਛੁੱਟੀਆਂ) ਅਤੇ ਵਕੇਸ਼ਨ ਲਈ ਤਨਖ਼ਾਹ

ਵਕੇਸ਼ਨਾਂ ਅਤੇ ਵਕੇਸ਼ਨ ਲਈ ਤਨਖ਼ਾਹ ਦਾ ਮੰਤਵ ਇਹ ਯਕੀਨੀ ਬਣਾਉਣ ਹੁੰਦਾ ਹੈ ਕਿ ਕਰਮਚਾਰੀ ਹਰ ਸਾਲ ਆਮਦਨੀ ਦੇ ਨੁਕਸਾਨ ਤੋਂ ਬਿਨਾਂ ਕੰਮ ਤੋਂ ਅਰਾਮ ਹਾਸਲ ਕਰੇ। ਇੱਕ ਸਾਲ ਨੌਕਰੀ ਕਰਨ ਪਿੱਛੋਂ, ਤੁਹਾਨੂੰ ਘੱਟੋ ਘੱਟ ਦੋ ਹਫ਼ਤਿਆਂ ਦੀ ਵਕੇਸ਼ਨ, ਸਮੇਤ ਤਨਖ਼ਾਹ ਦੇ, ਲੈਣ ਦਾ ਹੱਕ ਬਣਦਾ ਹੈ।

## ਜਣੇਪਾ ਅਤੇ ਮਾਪਿਆਂ ਲਈ ਛੁੱਟੀ

ਜਿਹੜੇ ਕਰਮਚਾਰੀ ਯੋਗ ਹੋਣ ਉਹ ਜਣੇਪੇ ਅਤੇ/ਜਾਂ ਮਾਪਿਆਂ ਲਈ ਬਿਨਾਂ ਤਨਖ਼ਾਹ ਤੋਂ ਛੁੱਟੀ ਦੇ ਹੱਕਦਾਰ ਹੁੰਦੇ ਹਨ। ਜਣੇਪੇ ਅਤੇ/ਜਾਂ ਮਾਪਿਆਂ ਲਈ ਛੁੱਟੀ ਦੇ ਹੱਕਦਾਰ ਹੋਣ ਲਈ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਉਸ ਮਾਲਕ ਨਾਲ ਲਗਾਤਾਰ 52 ਹਫ਼ਤੇ ਕੰਮ ਕੀਤਾ ਹੋਵੇ। ਅਜਿਹੀ ਛੁੱਟੀ ਖ਼ਤਮ ਹੋਣ ਤੇ ਤੁਹਾਨੂੰ ਆਪਣੀ ਮੂਲ ਨੌਕਰੀ ਜਾਂ ਉਸ ਦੇ ਬਰਾਬਰ ਦੀ ਨੌਕਰੀ 'ਤੇ ਬਹਾਲ ਕਰਨਾ ਜ਼ਰੂਰੀ ਹੁੰਦਾ ਹੈ।

## ਨੌਕਰੀ ਖ਼ਤਮ ਕਰਨੀ ਜਾਂ ਲੇਆਫ਼

ਤੁਹਾਨੂੰ ਮਾਲਕ ਨਾਲ ਆਪਣੀ ਨੌਕਰੀ ਖ਼ਤਮ ਕਰਨ ਦਾ ਅਤੇ ਉਨ੍ਹਾਂ ਨੂੰ ਤੁਹਾਡੀ ਨੌਕਰੀ ਖ਼ਤਮ ਕਰਨ ਦਾ ਅਧਿਕਾਰ ਹੈ। ਇਨ੍ਹਾਂ ਅਧਿਕਾਰਾਂ ਦੇ ਨਾਲ ਕੁਝ ਜ਼ੁੰਮੇਵਾਰੀਆਂ ਵੀ ਹੁੰਦੀਆਂ ਹਨ। ਮੁੱਖ ਜ਼ੁੰਮੇਵਾਰੀ ਵਾਜਬ ਨੋਟਿਸ ਮੁਹੱਈਆ ਕਰਨਾ ਹੁੰਦਾ ਹੈ। ਨੋਟਿਸ ਦੇ ਸਮੇਂ ਦੀ ਮਿਆਦ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਉਸ ਪਦਵੀ ਉੱਤੇ ਕਿੰਨਾ ਸਮਾਂ ਕੰਮ ਕੀਤਾ ਹੈ ਅਤੇ ਇਹ ਨੋਟਿਸ ਲਿਖਤੀ ਰੂਪ ਵਿੱਚ ਹੋਣਾ ਜ਼ਰੂਰੀ ਹੈ।

ਨੌਕਰੀ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਤੁਹਾਨੂੰ ਅਤੇ ਨਾ ਹੀ ਤੁਹਾਡੇ ਮਾਲਕ ਨੂੰ ਨੌਕਰੀ ਦੇ ਖ਼ਾਤਮੇ ਦਾ ਨੋਟਿਸ ਦੇਣ ਦੀ ਲੋੜ ਹੈ। ਤਿੰਨ ਮਹੀਨਿਆਂ ਤੋਂ ਵੱਧ ਅਤੇ ਦੋ ਸਾਲ ਤੋਂ ਘੱਟ ਸਮੇਂ ਦੀ ਨੌਕਰੀ ਲਈ ਇੱਕ ਹਫ਼ਤੇ ਦਾ ਨੋਟਿਸ ਵਾਜਬ ਹੁੰਦਾ ਹੈ। ਨੌਕਰੀ ਖ਼ਤਮ ਕਰਨ ਦੇ ਦਸ ਦਿਨ ਅੰਦਰ ਅੰਦਰ ਤੁਹਾਡੇ ਮਾਲਕ ਵੱਲੋਂ ਤੁਹਾਡੀ ਕਮਾਈ ਤਨਖ਼ਾਹ ਤੁਹਾਨੂੰ ਅਦਾ ਕਰਨੀ ਲਾਜ਼ਮੀ ਹੈ। ਤੁਹਾਡੀ ਅੰਤਮ ਤਨਖ਼ਾਹ ਹਾਸਲ ਕਰਨ ਦੀ ਉਚਿਤ ਮਿਤੀ ਦਾ ਨਿਰਭਰ ਇਸ ਗੱਲ 'ਤੇ ਹੋਵੇਗਾ ਕਿ ਕੀ ਨੋਟਿਸ ਦੇਣ ਦੀ ਲੋੜ ਸੀ।

ਤੁਹਾਡਾ ਮਾਲਕ ਨੌਕਰੀ ਖ਼ਤਮ ਕਰਨ ਦੇ ਨੋਟਿਸ ਤੋਂ ਬਗ਼ੈਰ 59 ਦਿਨਾਂ ਤੱਕ ਆਰਜ਼ੀ ਤੌਰ ਤੇ ਤੁਹਾਨੂੰ ਲੇਆਫ਼ ਦੇ ਸਕਦਾ ਹੈ। ਫ਼ਿਰ ਵੀ, ਤੁਹਾਡਾ ਮਾਲਕ ਜੇ ਤੁਹਾਨੂੰ 60 ਦਿਨ ਦੇ ਅੰਦਰ ਮੁੜ ਨੌਕਰੀ 'ਤੇ ਨਹੀਂ ਬਲਾਉਂਦਾ ਤਾਂ ਉਸ ਵੱਲੋਂ ਤੁਹਾਨੂੰ ਖ਼ਾਤਮੇ ਦਾ ਨੋਟਿਸ ਜਾਂ ਖ਼ਾਤਮੇ ਲਈ ਤਨਖ਼ਾਹ ਦੇਣੀ ਜ਼ਰੂਰੀ ਹੁੰਦੀ ਹੈ।

ਨੌਕਰੀ 'ਤੇ ਮੁੜ ਪਰਤਣ ਦਾ ਨੋਟਿਸ ਪ੍ਰਾਪਤ ਕਰਨ ਦੇ ਸੱਤ ਦਿਨ ਦੇ ਅੰਦਰ ਅੰਦਰ ਜੇ ਤੁਸੀਂ ਨੌਕਰੀ 'ਤੇ ਵਾਪਸ ਨਹੀਂ ਆਉਂਦੇ, ਤਾਂ ਤੁਹਾਡੇ ਮਾਲਕ ਨੂੰ ਖ਼ਾਤਮੇ ਦਾ ਨੋਟਿਸ ਜਾਂ ਖ਼ਾਤਮੇ ਦੀ ਤਨਖ਼ਾਹ ਦੇਣ ਦੀ ਲੋੜ ਨਹੀਂ ਹੁੰਦੀ।

**ਐਲਬਰਟਾ ਐਂਪਲਾਇਮੈਂਟ ਸਟੈਂਡਰਡਜ਼ ਬਾਰੇ ਵਧੇਰੇ ਜਾਣਕਾਰੀ ਲਈ ਜਾਂ ਸ਼ਕਾਇਤ ਦਰਜ ਕਰਵਾਉਣ ਲਈ:**

ਐਡਮਿੰਟਨ ਅਤੇ ਖੇਤਰ: **780-427-3731**
ਕੈਨੇਡਾ ਵਿੱਚ ਟੋਲ-ਫ੍ਰੀ: **1-877-427-3731**
ਵੇਖੋ: **www.employment.alberta.ca/es**

ਸ਼ਕਾਇਤਾਂ ਗ਼ੈਰ-ਅਦਾਇਗੀ ਦੇ ਜਾਂ ਨੌਕਰੀ ਖ਼ਤਮ ਹੋਣ ਦੇ ਛੇ ਮਹੀਨੇ ਦੇ ਅੰਦਰ ਅੰਦਰ ਕੀਤੀਆਂ ਜਾਣੀਆਂ ਜ਼ਰੂਰੀ ਹਨ। ਕਨੂੰਨ ਨੌਕਰੀ ਦੇ ਪਿਛਲੇ ਛੇ ਮਹੀਨੇ ਦੀ ਉਜਰਤ ਅਤੇ ਓਵਰਟਾਈਮ ਦੀ ਅਤੇ ਨੌਕਰੀ ਦੇ ਪਿਛਲੇ ਦੋ ਸਾਲ ਦੀ ਵਕੇਸ਼ਨ ਦੀ ਤਨਖ਼ਾਹ ਅਤੇ ਆਮ ਛੁੱਟੀ ਦੀ ਤਨਖ਼ਾਹ ਦੀ ਰਕਮ ਵਾਪਸ ਦਵਾਉਣ ਲਈ ਸੀਮਾ ਨੀਯਤ ਕਰਦਾ ਹੈ।

## ਕੰਮ ਵਾਲੀ ਜਗ੍ਹਾ ਵਿਖੇ ਸਿਹਤ ਅਤੇ ਸੁਰੱਖਿਆ

ਐਲਬਰਟਾ ਭਰ ਵਿੱਚ ਵਰਕਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਅਤੇ ਵਧਾਉਣ ਲਈ ਆਕੂਪੇਸ਼ਨਲ ਹੈਲ਼ਥ ਐਂਡ ਸੇਫ਼ਟੀ ਐਕਟ (OHS Act) ਅਧੀਨ ਕਨੂੰਨ ਮੌਜੂਦ ਹਨ। ਇਸ ਵਿੱਚ ਮਾਲਕਾਂ ਅਤੇ ਵਰਕਰਾਂ ਦੀਆਂ ਜ਼ੁੰਮੇਵਾਰੀਆਂ ਦੀ ਰੂਪ-ਰੇਖਾ ਦਰਜ ਹੈ।

### ਕਰਮਚਾਰੀ ਦੇ ਅਧਿਕਾਰ ਅਤੇ ਜ਼ੁੰਮੇਵਾਰੀਆਂ

ਤੁਹਾਨੂੰ ਅਧਿਕਾਰ ਹੈ ਕਿ ਤੁਹਾਡੀ ਕੰਮ ਵਾਲੀ ਜਗ੍ਹਾ ਸੁਰੱਖਿਅਤ ਅਤੇ ਸਿਹਤਮੰਦ ਹੋਵੇ। ਵਰਕਰ ਵਜੋਂ ਓਐੱਚਐੱਸ ਐਕਟ, (*OHS Act*) ਮੰਗ ਕਰਦਾ ਹੈ ਕਿ ਤੁਸੀਂ ਆਪਣੇ ਕੰਮ ਵਾਲੀ ਜਗ੍ਹਾ ਵਿਖੇ ਸਿਹਤਮੰਦ ਅਤੇ ਸੁਰੱਖਿਅਤ ਢੰਗ ਨਾਲ ਕੰਮ ਕਰੋ ਅਤੇ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰ ਕੇ ਮਾਲਕ ਨੂੰ ਸਹਿਯੋਗ ਦਿਓ।

ਸਿਹਤ ਅਤੇ ਸੁਰੱਖਿਆ ਸੰਬੰਧੀ ਕੁਝ ਖਾਸ ਲੋੜਾਂ ਹਨ ਜਿੰਨ੍ਹਾਂ ਦੀ ਪਾਲਣਾ ਕਰਨੀ ਤੁਹਾਡੇ ਲਈ ਜ਼ਰੂਰੀ ਹੁੰਦੀ ਹੈ। ਮਿਸਾਲ ਵਜੋਂ, ਕੁਝ ਖ਼ਾਸ ਤਰ੍ਹਾਂ ਦੇ ਕੰਮ ਕਰਦਿਆਂ ਹੋਇਆਂ ਤੁਹਾਨੂੰ ਕੰਮ ਨਾਲ ਸੰਬੰਧਤ ਸੰਦ ਵਲੇਵੇਂ ਜਾਂ ਓਹੋ ਜਿਹੇ ਸਾਜ਼ੋ-ਸਮਾਨ ਪਹਿਣ ਕੇ ਰੱਖਣ ਦੀ ਲੋੜ ਪੈ ਸਕਦੀ ਹੈ। ਜਦੋਂ ਵੀ ਜ਼ਰੂਰੀ ਹੋਵੇ, ਤੁਹਾਨੂੰ ਨਿੱਜੀ ਸੁਰੱਖਿਆ ਲਈ ਸਾਜ਼ੋ-ਸਮਾਨ, ਜਿਵੇਂ ਕਿ ਸੇਫ਼ਟੀ ਬੂਟ, ਸੇਫ਼ਟੀ ਗਲਾਸਿਜ਼, ਕੰਨਾਂ ਲਈ ਪਲੱਗ ਅਤੇ ਹਾਰਡ ਹੈਟ ਵਰਤਣ ਦੀ ਲੋੜ ਪੈ ਸਕਦੀ ਹੈ। ਨਿਯਮਾਂ ਦੀ ਪਾਲਣਾ ਕਰਨੀ ਤੁਹਾਡੀ ਜ਼ੁੰਮੇਵਾਰੀ ਹੈ। ਜੇ ਤੁਹਾਨੂੰ ਸਮਝ ਨਹੀਂ ਪੈਂਦੀ ਤਾਂ ਪ੍ਰਸ਼ਨ ਕਰੋ।



ਕਿਸੇ ਵੱਲੋਂ ਅਸੁਰੱਖਿਅਤ ਜਗ੍ਹਾ ਕੰਮ ਕਰਨ ਲਈ ਤੁਹਾਨੂੰ ਮਜਬੂਰ ਕਰਨਾ ਕਨੂੰਨ ਦੇ ਵਿਰੁੱਧ ਹੁੰਦਾ ਹੈ। ਜੇ ਕੋਈ ਤੁਰੰਤ ਖ਼ਤਰਾ ਹੋਵੇ ਤਾਂ ਤੁਹਾਨੂੰ ਕੰਮ ਕਰਨ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਤੁਰੰਤ ਖ਼ਤਰੇ ਤੋਂ ਭਾਵ ਹੈ ਕੋਈ ਵੀ ਅਜਿਹਾ ਖ਼ਤਰਾ ਜੋ ਤੁਹਾਡੇ ਕੰਮ ਵਿੱਚ ਆਮ ਨਾ ਹੋਵੇ।

**ਆਪਣੀ ਕੰਮ ਵਾਲੀ ਜਗ੍ਹਾ ਵਿਖੇ ਸਿਹਤ ਅਤੇ ਸੁਰੱਖਿਆ ਬਾਰੇ ਆਪਣੇ ਮਾਲਕ ਤੋਂ ਪੁੱਛਣ ਲਈ ਦਸ ਪ੍ਰਸ਼ਨ:**

1. ਮੇਰੇ ਕੰਮ ਵਿਖੇ ਖ਼ਤਰੇ ਵਾਲੀਆਂ ਗੱਲਾਂ ਕਿਹੜੀਆਂ ਹਨ?
2. ਕੀ ਅਜਿਹੇ ਖ਼ਤਰੇ ਵੀ ਹਨ ਜਿੰਨ੍ਹਾਂ ਬਾਰੇ ਮੈਨੂੰ ਪਤਾ ਹੋਣਾ ਚਾਹੀਦਾ ਹੈ?
3. ਕੀ ਮੈਨੂੰ ਕੰਮ ਦੀ ਸਿਖਲਾਈ ਦਿੱਤੀ ਜਾਵੇਗੀ?
4. ਕੀ ਇੱਥੇ ਸਿਹਤ ਅਤੇ ਸੁਰੱਖਿਆ ਦੀਆਂ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ?
5. ਨਿੱਜੀ ਸੁਰੱਖਿਆ ਲਈ ਕੋਈ ਸਾਜ਼ੋ-ਸਮਾਨ ਹੈ ਜੋ ਮੈਨੂੰ ਪਹਿਨਣ ਦੀ ਲੋੜ ਪੈਣੀ ਹੈ ਅਤੇ ਇਸ ਦੀ ਵਰਤੋਂ ਕਿਵੇਂ ਕਰਨੀ ਹੈ ਬਾਰੇ ਕੀ ਮੈਨੂੰ ਸਿਖਲਾਈ ਦਿੱਤੀ ਜਾਵੇਗੀ?
6. ਕੀ ਮੈਨੂੰ ਐਮਰਜੈਂਸੀ ਦੇ ਢੰਗਾਂ ਬਾਰੇ ਸਿਖਲਾਈ ਦਿੱਤੀ ਜਾਵੇਗੀ (ਮਿਸਾਲ ਵਜੋਂ, ਅੱਗ ਲੱਗਣ ਜਾਂ ਰਸਾਇਣ ਪਦਾਰਥਾਂ ਦੇ ਡੁੱਲ੍ਹ ਜਾਣ ਦੀ ਸੂਰਤ ਵਿੱਚ)?
7. ਅੱਗ ਬੁਝਾਉਣ ਵਾਲੇ ਯੰਤਰ (ਫ਼ਾਇਰ ਐਕਸਟਿੰਗੁਸ਼ਰਟਜ਼), ਫ਼ਸਟ ਏਡ ਦੀਆਂ ਕਿਟਾਂ ਅਤੇ ਐਮਰਜੈਂਸੀ ਦਾ ਸਾਜ਼ੋ-ਸਮਾਨ ਕਿਹੜੀ ਜਗ੍ਹਾ ਰੱਖੇ ਹੁੰਦੇ ਹਨ?
8. ਸੱਟ ਲੱਗ ਜਾਣ ਦੀ ਸੂਰਤ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ? ਇਥੇ ਫ਼ਸਟ ਏਡ ਵਾਲਾ ਵਿਅਕਤੀ ਕੌਣ ਹੈ?
9. ਸਿਹਤ ਅਤੇ ਸੁਰੱਖਿਆ ਸੰਬੰਧੀ ਮੇਰੀਆਂ ਕਿਹੜੀਆਂ ਜ਼ੁੰਮੇਵਾਰੀਆਂ ਹਨ?
10. ਸਿਹਤ ਅਤੇ ਸੁਰੱਖਿਆ ਨਾਲ ਸੰਬੰਧਤ ਜੇ ਮੇਰਾ ਕੋਈ ਪ੍ਰਸ਼ਨ ਹੋਵੇ ਤਾਂ ਕਿਸ ਨੂੰ ਪੁੱਛਾਂ?

ਕਿਸੇ ਵੱਲੋਂ ਅਸੁਰੱਖਿਅਤ ਜਗ੍ਹਾ ਕੰਮ ਕਰਨ ਲਈ ਤੁਹਾਨੂੰ ਮਜਬੂਰ ਕਰਨਾ ਕਨੂੰਨ ਦੇ ਵਿਰੁੱਧ ਹੁੰਦਾ ਹੈ। ਜੇ ਕੋਈ ਤੁਰੰਤ ਖ਼ਤਰਾ ਹੋਵੇ ਤਾਂ ਤੁਹਾਨੂੰ ਕੰਮ ਕਰਨ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਤੁਰੰਤ ਖ਼ਤਰੇ ਤੋਂ ਭਾਵ ਹੈ ਕੋਈ ਵੀ ਅਜਿਹਾ ਖ਼ਤਰਾ ਜੋ ਤੁਹਾਡੇ ਕੰਮ ਵਿੱਚ ਆਮ ਨਾ ਹੋਵੇ।

ਕਿਉਂਕਿ ਤੁਸੀਂ ਖ਼ਤਰਨਾਕ ਕੰਮ ਕਰਨ ਤੋਂ ਇਨਕਾਰ ਕੀਤਾ ਸੀ ਇਸ ਕਾਰਨ ਤੁਹਾਡਾ ਮਾਲਕ ਤੁਹਾਨੂੰ ਨੌਕਰੀ ਤੋਂ ਲੇਆਫ਼ ਜਾਂ ਕੱਢ ਨਹੀਂ ਸਕਦਾ।

ਜੇ ਆਪਣੇ ਕੰਮ ਵਾਲੀ ਜਗ੍ਹਾ ਬਾਰੇ ਤੁਹਾਨੂੰ ਚਿੰਤਾ ਹੋਵੇ, ਜਾਂ ਮਦਦ ਦੀ ਲੋੜ ਹੋਵੇ ਤਾਂ ਵਰਕਪਲੇਸ ਹੈਲ਼ਥ ਐਂਡ ਸੇਫ਼ਟੀ ਦੇ ਸੰਪਰਕ ਸੈਂਟਰ ਨੂੰ **1-866-415-8690** ਫ਼ੋਨ ਕਰੋ।

## ਮਾਲਕ ਦੀਆਂ ਜ਼ਿੰਮੇਵਾਰੀਆਂ

ਤੁਹਾਡੇ ਮਾਲਕ ਦਾ ਫ਼ਰਜ਼ ਬਣਦਾ ਹੈ ਕਿ ਉਹ ਤੁਹਾਡੀ ਸਿਹਤ ਅਤੇ ਸੁਰੱਖਿਆ ਦਾ ਧਿਆਨ ਰੱਖੇ। ਮਾਲਕ ਨੂੰ ਜ਼ਰੂਰੀ ਚਾਹੀਦਾ ਹੈ ਕਿ ਕੰਮ ਵਾਲੀ ਥਾਂ ਵਿਖੇ ਖ਼ਤਰਿਆਂ ਦੀ ਸਪੱਸ਼ਟ ਸ਼ਨਾਖ਼ਤ ਕਰਦਿਆਂ ਹੋਇਆਂ ਉਹ ਖ਼ਤਰੇ ਦਾ ਮੁਕੰਮਲ ਮੁਲਾਂਕਣ ਕਰੇ। ਇੱਕ ਵਾਰੀ ਸ਼ਨਾਖ਼ਤ ਹੋ ਜਾਣ ਤੇ, ਖ਼ਤਰਿਆਂ ਨੂੰ ਜਾਂ ਓਥੋਂ ਹਟਾ ਦਿੱਤਾ ਜਾਵੇ ਜਾਂ ਉਨ੍ਹਾਂ ਤੋਂ ਬਚਾਅ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਕਰਨ ਲਈ ਸਾਜ਼ੋ-ਸਮਾਨ ਵਿੱਚ ਕੁਝ ਤਬਦੀਲੀਆਂ ਕਰਨੀਆਂ ਪੈ ਸਕਦੀਆਂ ਹਨ ਜਾਂ ਅਜਿਹੇ ਨਿਯਮ ਅਤੇ ਵਿਧੀਆਂ ਲੋੜੀਂਦੀਆਂ ਹਨ ਜਿੰਨ੍ਹਾਂ ਨਾਲ ਤੁਹਾਡਾ ਕੰਮ, ਜਿੱਥੋਂ ਤੀਕ ਸੰਭਵ ਹੋਵੇ, ਸੁਰੱਖਿਅਤ ਹੋਵੇ। ਇਹ ਜਾਣਕਾਰੀ ਸਾਰੇ ਵਰਕਰਾਂ ਨਾਲ ਸਾਂਝੀ

**ਕੀਤੀ ਜਾਣੀ ਚਾਹੀਦੀ ਹੈ।**

- ਯਕੀਨੀ ਬਣਾਵੇ ਕਿ ਤੁਹਾਡੇ ਕੋਲ ਕੰਮ ਕਰਨ ਲਈ ਲੋੜੀਂਦੀ ਸਿਖਲਾਈ, ਯੋਗਤਾਵਾਂ,ਅਤੇ ਅਨੁਭਵ ਹੈ।
- ਕੰਮ ਵਿਖੇ ਸਿਹਤ ਅਤੇ ਸੁਰੱਖਿਆ ਦੇ ਖ਼ਤਰਿਆਂ ਬਾਰੇ ਤੁਹਾਨੂੰ ਸੂਚਿਤ ਕਰੇ।
- ਯਕੀਨੀ ਬਣਾਵੇ ਕਿ ਆਪਣਾ ਕੰਮ ਕਰਨ ਲਈ ਤੁਹਾਡੇ ਪਾਸ, ਸਮੇਤ ਨਿੱਜੀ ਸੁਰੱਖਿਆ ਦੇ ਸਾਜ਼ੋ-ਸਮਾਨ ਦੇ, ਸਾਰੇ ਯੰਤਰ ਅਤੇ ਸਾਜ਼ੋ-ਸਮਾਨ ਹੋਵੇ।
- ਯਕੀਨੀ ਬਣਾਵੇ ਤੁਹਾਨੂੰ ਪਤਾ ਹੋਵੇ ਕਿ ਸਾਜ਼ੋ-ਸਮਾਨ ਦੀ ਵਰਤੋਂ ਕਿਵੇਂ ਕਰਨੀ ਹੈ।
- ਖ਼ਤਰਨਾਕ ਪਦਾਰਥਾਂ ਨਾਲ ਸੁਰੱਖਿਅਤ ਤੌਰ ਤੇ ਕੰਮ ਕਰਨ ਲਈ ਤੁਹਾਨੂੰ ਸਿਖਲਾਈ ਦੇਵੇ ।
- ਅਜਿਹੀ ਘਟਨਾ ਦੀ ਜਾਂਚ-ਪੜਤਾਲ ਕਰੇ ਜਿਸ ਨਾਲ ਸੱਟਾਂ ਲੱਗੀਆਂ ਹੋਣ ਅਤੇ ਅਜਿਹੀਆਂ ਘਟਨਾਵਾਂ ਜਿੰਨ੍ਹਾਂ ਕਾਰਨ ਸੱਟਾਂ ਲੱਗ ਸਕਦੀਆਂ ਹਨ।

ਤੁਹਾਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਬਾਰੇ ਤੁਸੀਂ ਵੱਧ ਪਤਾ ਕਰਨ ਲਈ **www.employment.alberta.ca/whs** ਉੱਤੇ ਜਾਓ।

## ਰੁਜ਼ਗਾਰ ਏਜੰਸੀ ਦੀ ਵਰਤੋਂ ਕਰਨੀ

ਆਰਜ਼ੀ ਵਿਦੇਸ਼ੀ ਵਰਕਰ ਵਜੋਂ ਜੇ ਤੁਸਾਂ ਐਲਬਰਟਾ ਵਿੱਚ ਕੰਮ ਕਰਨ ਦਾ ਮਨ ਬਣਾਇਆ ਹੋਵੇ ਜਾਂ ਹੁਣ ਕੰਮ ਕਰਦੇ ਹੋਵੋ, ਤਾਂ ਨੌਕਰੀ ਲੱਭਣ ਵਾਸਤੇ ਤੁਸੀਂ ਰੁਜ਼ਗਾਰ ਏਜੰਸੀ ਦੀਆਂ ਸੇਵਾਵਾਂ ਬਾਰੇ ਵਿਚਾਰ ਕਰ ਸਕਦੇ ਹੋ। ਵਰਕਰ ਭਰਤੀ ਕਰਨ ਬਦਲੇ ਰੁਜ਼ਗਾਰ ਏਜੰਸੀਆਂ ਮਾਲਕ ਤੋਂ ਫ਼ੀਸ ਲੈਂਦੀਆਂ ਹਨ। ਇਸ ਫ਼ੀਸ ਲਈ ਮਾਲਕ ਅਤੇ ਰੁਜ਼ਗਾਰ ਏਜੰਸੀ ਵਿਚਕਾਰ ਸੌਦੇਬਾਜ਼ੀ ਹੁੰਦੀ ਹੈ। ਇਸ ਸੇਵਾ ਦੇ ਖ਼ਰਚੇ ਦੀ ਉਗਰਾਹੀ ਮਾਲਕ ਕਰਮਚਾਰੀ ਤੋਂ ਨਹੀਂ ਕਰ ਸਕਦਾ। ਜਿਹੜੀ ਏਜੰਸੀ ਕਹਿੰਦੀ ਹੈ ਕਿ ਇੰਜ ਸੰਭਵ ਹੈ ਉਹ ਗ਼ਲਤ ਕਹਿੰਦੀ ਹੈ। **ਨੌਕਰੀ ਲੱਭਣ ਵਜੋਂ ਇਹ ਫ਼ੀਸ ਸੰਭਾਵੀ ਜਾਂ ਭਰਤੀ ਕੀਤੇ ਵਰਕਰਾਂ ਤੋਂ ਨਹੀਂ ਲਈ ਜਾ ਸਕਦੀ।**

**ਵਧੇਰੇ ਜਾਣਕਾਰੀ ਲਈ, ਸਰਵਿਸ ਐਲਬਰਟਾ ਨਾਲ ਸੰਪਰਕ ਕਰੋ:**

ਐਡਮਿੰਟਨ ਅਤੇ ਖੇਤਰ: 780-427-4088
ਐਲਬਰਟਾ ਵਿੱਚ ਟੋਲ-ਫ੍ਰੀ: 1-877-427-4088

## ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ ਲਈ ਜਾਣਕਾਰੀ

ਐਲਬਰਟਾ ਵਿੱਚ, ਰੈਜ਼ੀਡੈਂਸ਼ਲ ਟੈਨੈਨਸੀਜ਼ ਐਕਟ (Residential Tenancies Act) ਅਜਿਹੇ ਬਹੁਤੇ ਲੋਕਾਂ ਉੱਤੇ ਲਾਗੂ ਹੁੰਦਾ ਹੈ ਜਿਹੜੇ ਰਿਹਾਇਸ਼ ਲਈ ਜਗ੍ਹਾ ਕਿਰਾਏ ਤੇ ਲੈ ਕੇ ਰਹਿੰਦੇ ਹਨ। ਇਸ ਕਨੂੰਨ ਅੰਦਰ ਅਧਿਕਾਰ ਅਤੇ ਜ਼ੁੰਮੇਵਾਰੀਆਂ ਦਰਜ ਹਨ ਜਿਹੜੀਆਂ ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ, ਸਮੇਤ ਅਜਿਹੇ ਮਾਲਕਾਂ ਦੇ ਜਿਹੜੇ ਰਹਾਇਸ਼ ਮੁਹੱਈਆ ਕਰਦੇ ਹਨ ਅਤੇ ਮਾਲਕ-ਮੁਹੱਈਆ-ਮਕਾਨਾਂ ਵਿੱਚ ਰਹਿੰਦੇ ਕਰਮਚਾਰੀਆਂ ਦੇ, ਉੱਤੇ ਲਾਗੂ ਹੁੰਦੀਆਂ ਹਨ

ਭਾਵੇਂ ਤੁਸੀਂ ਸੁਈਟ (ਅਪਾਰਟਮੈਂਟ), ਕਿਸੇ ਦੇ ਘਰ ਇੱਕ ਕਮਰੇ ਵਿੱਚ ਜਾਂ ਕਿਸੇ ਨਾਲ ਰਲ੍ਹ ਕੇ ਸਾਂਝੀ ਰਿਹਾਇਸ਼ੀ ਜਗ੍ਹਾ ਕਿਰਾਏ 'ਤੇ ਲੈ ਕੇ ਰਹਿੰਦੇ ਹੋਵੋ, ਇਹ ਯਕੀਨੀ ਬਣਾਓ ਕਿ ਆਪਣੀ ਸਥਿਤੀ ਵਿੱਚ ਲਾਗੂ ਹੁੰਦੇ ਨਿਯਮਾਂ ਨੂੰ ਤੁਸੀਂ ਸਮਝਦੇ ਹੋਵੋ। ਕਿਰਾਏ 'ਤੇ ਦਿੱਤੀਆਂ ਜਾਣ ਵਾਲੀਆਂ ਵੱਖ ਵੱਖ ਥਾਵਾਂ ਦੇ ਵੱਖ ਵੱਖ ਨਿਯਮ ਹੁੰਦੇ ਹਨ।

ਕਿਰਾਏ ਦੇ ਸਾਰੇ ਇਕਰਾਰਨਾਮੇ ਲਿਖਤੀ ਰੂਪ ਵਿੱਚ ਹੋਣੇ ਚਾਹੀਦੇ ਹਨ ਜਿੰਨ੍ਹਾਂ ਉੱਤੇ ਮਾਲਕ-ਮਕਾਨ ਦੇ ਦਸਤਖ਼ਤ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਵਿੱਚ ਮਾਲਕ-ਮਕਾਨ ਅਤੇ ਕਿਰਾਏਦਾਰ ਦੀਆਂ ਜ਼ੁੰਮੇਵਾਰੀਆਂ, ਜਿਵੇਂ ਕਿ ਜ਼ਮਾਨਤੀ ਬਿਆਨੇ ਦੀ ਰਕਮ, ਮੁਆਇਨੇ, ਕਿਰਾਏ ਦੇ ਖ਼ਰਚੇ ਅਤੇ ਖ਼ਤਮ ਕਰਨ ਦੇ ਨੋਟਿਸ, ਦੇ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ।

**ਵਧੇਰੇ ਜਾਣਕਾਰੀ ਲਈ, ਸਰਵਿਸ ਐਲਬਰਟਾ ਨਾਲ ਸੰਪਰਕ ਕਰੋ:**
**ਕਨਜ਼ਿਊਮਰ ਕਾਂਟੈਕਟ ਸੈਂਟਰ, ਸਰਵਿਸ ਐਲਬਰਟਾ**

ਐਲਬਰਟਾ ਅਤੇ ਖੇਤਰ: **780-427-4088**

ਐਲਬਰਟਾ ਵਿੱਚ ਟੋਲ-ਫ੍ਰੀ: **1-877-427-4088**

ਕਨਜ਼ਿਊਮਰ ਅਤੇ ਕਿਰਾਏਦਾਰ ਨਾਲ ਸੰਬੰਧਤ ਮਸਲਿਆਂ ਬਾਰੇ ਅਗਵਾਈ ਲਈ **www.servicealberta.ca** 'ਤੇ ਜਾਓ

## ਵਰਕਰਜ਼ ਕੰਪੈਨਸ਼ੇਸ਼ਨ

ਜੇ ਤੁਸੀਂ ਕੰਮ ਕਰਨ ਵਾਲੀ ਜਗ੍ਹਾ ਜ਼ਖ਼ਮੀ ਹੋ ਜਾਂਦੇ ਹੋ ਤਾਂ ਵਰਕਰਜ਼ ਕੰਪੈਨਸ਼ੇਸ਼ਨ ਬੋਰਡ (WCB) -ਐਲਬਰਟਾ ਤੁਹਾਨੂੰ ਮਦਦ ਮੁਹੱਈਆ ਕਰ ਸਕਦਾ ਹੈ। ਆਰਜ਼ੀ ਵਿਦੇਸ਼ੀ ਵਰਕਰ ਵਜੋਂ, ਤੁਹਾਡੇ ਨਾਲ ਓਹੋ ਜਿਹਾ ਸਲੂਕ ਕੀਤਾ ਜਾਂਦਾ ਹੈ ਜਿਵੇਂ ਕਿ ਐਲਬਰਟਾ ਦੇ ਕਿਸੇ ਹੋਰ ਵਰਕਰ ਨਾਲ। ਜੇ ਮਾਲਕ *ਐਲਬਰਟਾ ਕੰਪੈਨਸ਼ੇਸ਼ਨ ਐਕਟ* ਅਧੀਨ ਆਉਂਦਾ ਹੋਵੇ ਤਾਂ ਤੁਹਾਡੀ ਕਵਰੇਜ ਓਦੋਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਿਸ ਦਿਨ ਤੋਂ ਤੁਸਾਂ ਐਲਬਰਟਾ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਹੋਵੇ। ਆਪਣੇ ਮਾਲਕ ਨੂੰ ਪੁੱਛੋ ਕਿ ਕੀ ਉਨ੍ਹਾਂ ਕੋਲ ਵਰਕਰਜ਼ ਕੰਪੈਨਸ਼ੇਸ਼ਨ ਕਵਰੇਜ ਹੈ।

ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਪੋਸਟਰ ਨੂੰ ਅਜਿਹੀ ਜਗ੍ਹਾ ਲਾਉਣ ਜਿੱਥੇ ਕਰਮਚਾਰੀ ਇਸ ਨੂੰ ਵੇਖ ਸਕਦੇ ਹੋਣ। ਕੰਮ ਦੌਰਾਨ ਲੱਗੀ ਸੱਟ ਦੀ ਰਿਪੋਰਟ ਕਿਵੇਂ ਕਰਨੀ ਹੁੰਦੀ ਹੈ ਪੋਸਟਰ ਇਸ ਬਾਰੇ ਤੁਹਾਨੂੰ ਦੱਸਦਾ ਹੈ।




ਤੁਹਾਡੇ ਮਾਲਕ ਨੂੰ ਚਾਹੀਦਾ ਹੈ ਕਿ ਸੁਰੱਖਿਆ ਨਾਲ ਕੰਮ ਕਰਨ ਵਾਸਤੇ ਉਹ ਤੁਹਾਨੂੰ ਕੰਮ ਦੇ ਫ਼ਰਜ਼ਾਂ, ਕੰਮ ਦੀਆਂ ਸ਼ਰਤਾਂ ਅਤੇ ਜ਼ੁੰਮੇਵਾਰੀਆਂ ਦੀ ਵਿਆਖਿਆ ਕਰੇ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਡਬਲਿਊਸੀਬੀ (WCB) ਕਿਵੇਂ ਕੰਮ ਕਰਦਾ ਹੈ ਅਤੇ ਸੱਟ ਲੱਗਣ ਦੀ ਸੂਰਤ ਵਿੱਚ ਤੁਸੀਂ ਕਲੇਮ ਕਿਵੇਂ ਦਾਖ਼ਲ ਕਰ ਸਕਦੇ ਹੋ।

ਜੇ ਤੁਸੀਂ ਜ਼ਖ਼ਮੀ ਹੋ ਜਾਂਦੇ ਹੋ ਅਤੇ ਕੋਈ ਹਲ਼ਕਾ ਕੰਮ (ਮਾਡੀਫ਼ਾਈਡ ਵਰਕ) ਕਰ ਸਕਦੇ ਹੋਵੋ ਅਤੇ ਤੁਹਾਡਾ ਵਰਕ ਪਰਮਿਟ ਇਸ ਦੀ ਖੁੱਲ੍ਹ ਦਿੰਦਾ ਹੋਵੇ ਤਾਂ ਤੁਹਾਡਾ ਮਾਲਕ ਤੁਹਾਨੂੰ ਕਰਨ ਲਈ ਹਲ਼ਕਾ ਕੰਮ ਦੇ ਸਕਦਾ ਹੈ। ਜਦੋਂ ਤੀਕ ਤੁਸੀਂ ਠੀਕ ਨਹੀਂ ਹੋ ਜਾਂਦੇ ਓਦੋਂ ਤੀਕ ਤੁਸੀਂ ਇਹ ਕੰਮ ਕਰਦੇ ਰਹੋਗੇ।

ਮਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਦੋਂ ਉਹ ਵਰਕ ਪਰਮਿਟ ਲਈ ਮੂਲ ਅਰਜ਼ੀ ਦਿੰਦੇ ਹਨ, ਅਤੇ ਜੇ ਸੰਭਵ ਹੋਵੇ, ਉਹ ਹਲ਼ਕਾ ਕੰਮ ਦੇਣ ਦੀ ਚੋਣ ਨੂੰ ਅਰਜ਼ੀ ਵਿੱਚ ਸ਼ਾਮਲ ਕਰ ਲੈਣ।

**ਜੇ ਤੁਹਾਨੂੰ ਕੰਮ ਕਰਦਿਆਂ ਸੱਟ ਲੱਗ ਜਾਂਦੀ ਹੈ:**

- ਤਾਂ ਤੁਰੰਤ ਹੀ ਆਪਣੇ ਮਾਲਕ ਨੂੰ ਦੱਸ ਦਿਓ।
- ਤੁਹਾਡੇ ਮਾਲਕ ਨੂੰ ਨਾਲ ਦੀ ਨਾਲ ਹੀ ਡਬਲਿਊਸੀਬੀ (WCB) ਨੂੰ ਰਿਪੋਰਟ ਕਰਨੀ ਚਾਹੀਦੀ ਹੈ ਜੇ ਤਹਾਨੂੰ:
    - ਫ਼ਸਟ ਏਡ ਨਾਲੋਂ ਵਧੇਰੇ ਮਦਦ ਦੀ ਲੋੜ ਹੋਵੇ।

  - ਦੁਰਘਟਨਾ ਤੋਂ ਪਿੱਛੋਂ ਕੰਮ ਨਾ ਕਰ ਸਕਦੇ ਹੋਵੋ।
- ਡਾਕਟਰ ਨੂੰ ਦਸੋ ਕਿ ਤੁਹਾਨੂੰ ਸੱਟ ਕੰਮ ਵਿਖੇ ਲੱਗੀ ਸੀ।
- ਡਬਲਿਊਸੀਬੀ (WCB) ਨੂੰ ਦੱਸੋ। ਸੱਟ ਲੱਗਣ ਦੇ ਫ਼ਾਰਮ ਵਾਲੀ ਰਿਪੋਰਟ ਭਰੋ ਅਤੇ ਤੁਰੰਤ ਡਬਲਿਊਸੀਬੀ (WCB) ਨੂੰ ਭੇਜ ਦਿਓ। ਇਹ ਫ਼ਾਰਮ ਤੁਸੀਂ ਆਪਣੇ ਮਾਲਕ ਤੋਂ, ਡਬਲਿਊਸੀਬੀ (WCB) ਦਫ਼ਤਰ ਤੋਂ ਜਾਂ **www.wcb.ab.ca** ਤੋਂ ਲੈ ਸਕਦੇ ਹੋ।

**ਡਬਲਿਊਸੀਬੀ (WCB) ਨਾਲ ਸੰਪਰਕ ਕਰਨ ਲਈ:**

ਐਲਬਰਟਾ ਵਿੱਚ ਟੋਲ-ਫ੍ਰੀ:**1-866-WCB-WCB1 (1-866-922-9221)**
ਐਲਬਰਟਾ ਤੋਂ ਬਾਹਰ: **1-800-661-9608**
ਈਮੇਲ: **contactcentre@wcb.ab.ca**
ਵੇਖੋ: **www.wcb.ab.ca**

## ਨਿੱਜੀ ਜਾਣਕਾਰੀ

### ਪਰਾਈਵੇਸੀ (ਗੁਪਤਤਾ ਸੰਬੰਧੀ) ਅਧਿਕਾਰ

ਪ੍ਰਾਈਵੇਟ ਸੰਸਥਾਵਾਂ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ, ਉਸ ਜਾਣਕਾਰੀ ਨੂੰ ਕਿਵੇਂ ਵਰਤ ਜਾਂ ਜ਼ਾਹਰ ਕਰ ਸਕਦੀਆਂ ਹਨ, ਇਸ ਸੰਬੰਧੀ ਨਿਯਮ ਬਣਾ ਕੇ ਐਲਬਰਟਾ ਦਾ ਪਰਸਨਲ ਇੰਨਫ਼ਰਮੇਸ਼ਨ ਪ੍ਰੋਟੈਕਸ਼ਨ ਐਕਟ (PIPA) ਐਲਬਰਟਾ ਵਿੱਚ ਪਰਾਈਵੇਟ ਸੰਸਥਾਵਾਂ ਵੱਲੋਂ ਰੱਖੀ ਜਾਂਦੀ ਜਾਣਕਾਰੀ ਦੀ ਰੱਖਿਆ ਕਰਦਾ ਹੈ। ਆਰਜ਼ੀ ਵਿਦੇਸ਼ੀ ਵਰਕਰਾਂ ਅਤੇ ਆਵਾਸੀਆਂ ਸੰਬੰਧੀ ਪੀਪਾ (PIPA) ਐਲਬਰਟਾ ਅੰਦਰ ਕਾਰੋਬਾਰ ਕਰਦੇ ਮਾਲਕਾਂ ਅਤੇ ਐਂਪਲਾਇਮੈਂਟ ਏਜੰਸੀਆਂ ਉੱਤੇ ਲਾਗੂ ਹੁੰਦਾ ਹੈ। ਜੇ ਇਹ ਸੰਸਥਾਵਾਂ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਵਿੱਚ ਅਸਫ਼ਲ ਹੁੰਦੀਆਂ ਹਨ ਜਾਂ ਉਹ ਪੀਪਾ (PIPA) ਅਧੀਨ ਸਥਾਪਤ ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ ਅਤੇ ਜ਼ਾਹਰ ਕਰਨ ਦੇ ਨਿਯਮਾਂ ਦੀ ਅਵੱਗਿਆ ਕਰਦੀਆਂ ਹਨ ਤਾਂ ਵਿਅਕਤੀ ਐਲਬਰਟਾ ਦੇ ਇੰਨਫ਼ਰਮੇਸ਼ਨ ਐਂਡ ਪਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਨੂੰ ਸ਼ਕਾਇਤਾਂ ਭੇਜ ਸਕਦੇ ਹਨ।

### ਉਦਾਹਰਣ-ਸੰਭਵ ਪਰਾਈਵੇਸੀ ਸ਼ਕਾਇਤ

*ਫ਼ਿਲਪੀਨ ਤੋਂ ਆਈ ਐਲੀਨਾ ਇੱਕ ਆਰਜ਼ੀ ਵਿਦੇਸ਼ੀ ਵਰਕਰ, ਐਲਬਰਟਾ ਵਿੱਚ ਇੱਕ ਪਰਿਵਾਰ ਦੇ ਘਰ ਰਹਿ ਕੇ ਘਰੇਲੂ ਸੰਭਾਲ ਪਰਦਾਨ ਵਾਲੀ ਦੇ ਤੌਰ ਤੇ ਕੰਮ ਕਰਨ ਲਈ ਸਹਿਮਤ ਹੋ ਗਈ। ਉਸ ਦੇ ਨੌਕਰੀ ਵਾਲੇ ਕੰਮ ਸ਼ੁਰੂ ਕਰਨ ਪਿੱਛੋਂ, ਉਸ ਦੇ ਮਾਲਕ ਨੇ ਐਲੀਨਾ ਦਾ ਪਾਸਪੋਰਟ ਲੈਣ ਲਈ ਬੇਨਤੀ ਕੀਤੀ ਤਾ ਕਿ ਉਹ ਉਸ ਨੂੰ ਸਾਂਭ ਕੇ ਰੱਖ ਸਕੇ। ਜਦੋਂ ਐਲੀਨਾ ਨੇ ਮਾਲਕ ਦੀ ਬੇਨਤੀ ਉੱਤੇ ਕਿੰਤੂ ਕਰ ਦਿੱਤਾ ਤਾਂ ਉਸ ਨੂੰ ਕਿਹਾ ਗਿਆ ਕਿ ਜੇ ਉਹ ਨਾਂਹ ਕਰਦੀ ਹੈ ਤਾਂ ਉਸ ਨੂੰ ਵਾਪਸ ਫ਼ਿਲਪੀਨ ਜਾਣਾ ਪਵੇਗਾ। ਇਹ ਪਤਾ ਕਰਨ ਲਈ ਕਿ ਕੀ ਉਹ ਸ਼ਕਾਇਤ ਕਰ ਸਕਦੀ ਹੈ ਐਲੀਨਾ ਨੇ ਆਰਸੀਐਮਪੀ (RCMP) ਅਤੇ ਐਲਬਰਟਾ ਦੇ ਇੰਨਫ਼ਰਮੇਸ਼ਨ ਐਂਡ ਪਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕੀਤਾ। ਉਸ ਨੂੰ ਦੱਸਿਆ ਗਿਆ ਕਿ ਉਸਦਾ ਪਾਸਪੋਰਟ ਅਤੇ ਵਰਕ ਪਰਮਿਟ ਉਸਦੀ ਨਿੱਜੀ ਜਾਣਕਾਰੀ ਹਨ ਅਤੇ ਇਹ ਉਸਦੇ ਮਾਲਕ ਨੂੰ ਆਪਣੇ ਕੋਲ ਰੱਖਣਾ ਗੈਰ-ਕਨੂੰਨੀ ਹੈ। ਉਨ੍ਹਾਂ ਨੇ ਸ਼ਕਾਇਤ ਕਰਨ ਵਿੱਚ ਵੀ ਉਸ ਦੀ ਮਦਦ।*



ਆਰਜ਼ੀ ਵਿਦੇਸ਼ੀ ਵਰਕਰਾਂ ਲਈ ਮਸ਼ਵਰਾ ਦੇਣ ਵਾਲਾ ਦਫ਼ਤਰ ਅਤੇ ਆਰਜ਼ੀ ਵਿਦੇਸ਼ੀ ਵਰਕਰਾਂ ਲਈ ਇਮਦਾਦੀ ਲਾਈਨ ਆਪਣੇ ਅਧਿਕਾਰਾਂ ਬਾਰੇ ਜਾਣਨ ਅਤੇ ਅਜਿਹੀਆਂ ਸਥਿਤੀਆਂ, ਜਿੱਥੇ ਨਾਵਾਜਬ, ਅਸੁਰੱਖਿਅਤ ਜਾਂ ਗ਼ੈਰ-ਸਿਹਤਮੰਦ ਹਾਲਤਾਂ ਹੋਣ, ਨੂੰ ਹੱਲ ਕਰਨ ਲਈ ਉਪਾਅ ਲੱਭਣ ਵਿੱਚ ਤੁਹਾਡੀ ਮਦਦ ਕਰੇਗੀ ।

**ਇੰਨਫਰਮੇਸ਼ਨ ਐਂਡ ਪਰਾਈਵੇਸੀ ਕਮਿਸ਼ਨਰ ਦੇ ਦਫ਼ਤਰ (OIPC) ਨਾਲ ਸੰਪਰਕ ਕਰਨ ਲਈ:**

ਕੈਲਗਰੀ ਦਫ਼ਤਰ
2460, 801 – 6th Avenue S.W.
Calgary, AB T2P 3W2
**403-297-2728**

ਐਡਮਿੰਟਨ ਦਫ਼ਤਰ
410, 9925 – 109th Street
Edmonton, AB T5K 2J8
**780-422-6860**

ਐਲਬਰਟਾ ਵਿੱਚ ਟੋਲ-ਫ੍ਰੀ: **1-888-878-4044**
ਵੇਖੋ: **www.oipc.ab.ca**

## ■ ਐਲਬਰਟਾ ਵੱਲੋਂ ਆਰਜ਼ੀ ਵਿਦੇਸ਼ੀ ਵਰਕਰਾਂ ਦੀ ਮਦਦ

### ਆਰਜ਼ੀ ਵਿਦੇਸ਼ੀ ਵਰਕਰਾਂ ਨੂੰ ਮਸ਼ਵਰਾ ਦੇਣ ਲਈ ਦਫ਼ਤਰ ਅਤੇ ਇਮਦਾਦੀ ਲਾਈਨ

ਆਰਜ਼ੀ ਵਿਦੇਸ਼ੀ ਵਰਕਰਾਂ ਲਈ ਮਸ਼ਵਰਾ ਦੇਣ ਵਾਲਾ ਦਫ਼ਤਰ ਅਤੇ ਆਰਜ਼ੀ ਵਿਦੇਸ਼ੀ ਵਰਕਰਾਂ ਲਈ ਇਮਦਾਦੀ ਲਾਈਨ ਆਪਣੇ ਅਧਿਕਾਰਾਂ ਬਾਰੇ ਜਾਣਨ ਅਤੇ ਅਜਿਹੀਆਂ ਸਥਿਤੀਆਂ, ਜਿੱਥੇ ਨਾਵਾਜਬ, ਅਸੁਰੱਖਿਅਤ ਜਾਂ ਗ਼ੈਰ-ਸਿਹਤਮੰਦ ਹਾਲਤਾਂ ਹੋਣ, ਨੂੰ ਹੱਲ ਕਰਨ ਲਈ ਉਪਾਅ ਲੱਭਣ ਵਿੱਚ ਤੁਹਾਡੀ ਮਦਦ ਕਰੇਗੀ ।

ਮਸ਼ਵਰਾ ਦੇਣ ਵਾਲੇ ਦਫ਼ਤਰ ਕੈਲਗਰੀ ਅਤੇ ਐਡਮਿੰਟਨ ਵਿੱਚ ਸਥਿਤ ਹਨ। ਆਸਾਨ ਪਹੁੰਚ ਲਈ ਦੋਵੇਂ ਦਫ਼ਤਰ ਪਬਲਿਕ ਆਵਾ-ਜਾਈ ਦੇ ਰੂਟਾਂ 'ਤੇ ਸਥਿਤ ਹਨ। ਆਰਜ਼ੀ ਵਿਦੇਸ਼ੀ ਵਰਕਰ ਮਸ਼ਵਰਾ ਦੇਣ ਵਾਲੇ ਦਫ਼ਤਰ ਨਾਲ ਫ਼ੋਨ ਦੁਆਰਾ ਜਾਂ ਨਿੱਜੀ ਤੌਰ ਤੇ ਉੱਥੇ ਪਹੁੰਚ ਕੇ ਸੰਪਰਕ ਕਰ ਸਕਦੇ ਹਨ।

ਜਦੋਂ ਤੁਹਾਡੀਆਂ ਲੋੜਾਂ ਦਾ ਮੁਲਾਂਕਣ ਹੋ ਜਾਂਦਾ ਹੈ ਤਾਂ ਮਸ਼ਵਰਾ ਦੇਣ ਵਾਲੇ ਦਫ਼ਤਰ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਹੇਠ ਦਰਜ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ:

- ਫ਼ਾਰਮ ਹਾਸਲ ਕਰਨ ਅਤੇ ਮੁਕੰਮਲ ਕਰਨ ਵਿੱਚ ਮਦਦ ਮੁਹੱਈਆ ਕਰਨੀ।
- ਬਹੁ-ਪੱਖੀ ਸ਼ਕਾਇਤ ਸੇਵਾਵਾਂ ਨਾਲ ਸੰਚਾਰ ਕਰਨ ਵਿੱਚ ਸਹਾਇਤਾ ਕਰਨੀ।
- ਕੰਮ ਦੀਆਂ ਨਾਵਾਜਬ, ਅਸੁਰੱਖਿਅਤ ਜਾਂ ਗ਼ੈਰ-ਸਿਹਤਮੰਦ ਸਥਿਤੀਆਂ ਦੇ ਹੱਲ ਲੱਭਣ ਲਈ ਫ਼ੈਡਰਲ ਅਤੇ ਉਦਯੋਗ ਦੇ ਭਾਈਵਾਲਾਂ ਨਾਲ ਤਾਲਮੇਲ ਕਰਨਾ।
- ਐਲਬਰਟਾ ਵਿੱਚ ਕੰਮ ਕਰਨ ਦੇ ਅਮਲ ਵਿੱਚ ਆਰਜ਼ੀ ਵਿਦੇਸ਼ੀ ਵਰਕਰਾਂ ਦੀ ਸਹਾਇਤਾ ਕਰਨ ਲਈ ਪ੍ਰਾਂਤ ਭਰ ਅੰਦਰ ਆਵਾਸੀਆਂ ਦੀ ਸੇਵਾ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰਨਾ।

ਮੰਦਾ ਸਲੂਕ ਕਰਨ ਦੀਆਂ ਵਾਰਦਾਤਾਂ ਬਾਰੇ ਲਾਏ ਦੂਸ਼ਣਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਆਰਜ਼ੀ ਵਿਦੇਸ਼ੀ ਵਰਕਰਾਂ ਦੀਆਂ ਸਾਰੀਆਂ ਸ਼ਕਾਇਤਾਂ ਨੂੰ ਜਾਂਚ-ਪੜਤਾਲ ਲਈ ਭੇਜਿਆ ਜਾਂਦਾ ਹੈ।

**ਆਰਜ਼ੀ ਵਿਦੇਸ਼ੀ ਵਰਕਰ ਮਸ਼ਵਰਾ ਦਫ਼ਤਰ ਨਾਲ ਸੰਪਰਕ (ਸੋਮਵਾਰ ਤੋਂ ਸ਼ੁੱਕਰਵਾਰ ਤੀਕ) ਕਰਨ ਲਈ:**

ਨੌਰਥ ਵਾਲੀ ਜਗ੍ਹਾ (ਐਡਮਿੰਨਟਨ)
3rd Floor, City Centre
10242 - 105 Street
Edmonton, AB T5J 3L5
**780-644-2584**

ਸਾਊਥ ਵਾਲੀ ਜਗ੍ਹਾ (ਕੈਲਗਰੀ)
3rd Floor, JJ Bowlen Building,
620 - 7th Avenue S.W.
Calgary, AB T2P 0Y8
**403-476-4540**

ਐਲਬਰਟਾ ਆਰਜ਼ੀ ਵਿਦੇਸ਼ੀ ਵਰਕਰ ਇਮਦਾਦੀ ਲਾਈਨ ਨਾਲ ਸੰਪਰਕ ਕਰਨ ਲਈ:

ਐਡਮਿੰਨਟਨ ਅਤੇ ਖੇਤਰ: **780-644-9955**
ਸਾਰੀ ਦੁਨੀਆਂ ਤੋਂ: **1-877-944-9955**
ਈਮੇਲ: **tfwadvisory.office@gov.ab.ca**

## ਐਲਬਰਟਾ ਵਿੱਚ ਆਵਾਸ ਕਰਨ ਬਾਰੇ ਜਾਣਕਾਰੀ ਸੇਵਾ

ਐਲਬਰਟਾ ਵਿੱਚ ਆਵਾਸ ਜਾਣਕਾਰੀ ਅਤੇ ਅਧਿਕ ਮਦਦ ਲਈ ਅੱਗੇ ਭੇਜਣ ਵਾਲੀ ਸੇਵਾ ਐਲਬਰਟਾ ਵਿੱਚ ਕੰਮ ਕਰਨ, ਪੱਕੇ ਆਵਾਸ ਅਤੇ ਆਰਜ਼ੀ ਰਿਹਾਇਸ਼ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ। ਇਹ ਸੇਵਾ ਈਮੇਲ ਜਾਂ ਫ਼ੋਨ ਦੁਆਰਾ ਮਿਲਦੀ ਹੈ ਅਤੇ ਇਸ ਦੀ ਵਰਤੋਂ ਐਲਬਰਟਾ ਅੰਦਰ ਮਾਲਕ, ਆਰਜ਼ੀ ਵਿਦੇਸ਼ੀ ਵਰਕਰ ਅਤੇ ਆਮ ਲੋਕ ਕਰਦੇ ਹਨ।

ਐਲਬਰਟਾ ਵਿੱਚ ਆਵਾਸ ਜਾਣਕਾਰੀ ਸੇਵਾ ਵਿਖੇ ਕੰਮ ਕਰਨ ਵਾਲਾ ਅਮਲਾ ਜਾਣਕਾਰ ਆਰਥਕ ਆਵਾਸ ਦੇ ਮਾਹਰ ਹੁੰਦੇ ਹਨ ਜੋ ਪੁੱਛ-ਗਿੱਛ ਦੇ ਉੱਤਰ ਦੇਣ ਲਈ ਮੌਜੂਦ ਹੁੰਦੇ ਹਨ ਅਤੇ ਕਈ ਤਰ੍ਹਾਂ ਦੇ ਵਿਸ਼ਿਆਂ ਬਾਰੇ ਜਾਣਕਾਰੀ ਮੁਹੱਈਆ ਕਰਦੇ ਹਨ ਜਿੰਨ੍ਹਾਂ ਵਿੱਚ ਹੇਠ ਦਰਜ ਵੀ ਸ਼ਾਮਲ ਹਨ:

- ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP):
    - ਏਆਈਐਨਪੀ (AINP) ਅਧੀਨ ਮਾਲਕ ਅਤੇ ਕਰਮਚਾਰੀ ਯੋਗਤਾ ਲਈ ਸ਼ਰਤਾਂ।
    - ਏਆਈਐਨਪੀ (AINP) ਲਈ ਅਰਜ਼ੀ ਦੇਣ ਸੰਬੰਧੀ ਕਾਰਵਾਈ ਅਤੇ ਪਰਕਿਰਿਆ।
- ਲੇਬਰ ਮਾਰਕਿਟ ਉਪਿਨੀਅਨਜ਼ (LMOs)।
- ਵਰਕ ਪਰਮਿਟ।
- ਇੰਟਰਨੈਸ਼ਨਲ ਕੁਆਲੀਫ਼ੀਕੇਸ਼ਨਜ਼ ਅਸੈੱਸਮੈਂਟ ਸਰਵਿਸ (IQAS)।
- ਵਿਦੇਸ਼ੀ ਯੋਗਤਾਵਾਂ ਨੂੰ ਮਾਨਤਾ ਦੇਣੀ ਅਤੇ ਸਰਟੀਫ਼ੀਕੇਟਾਂ ਦਾ ਮੁਲਾਂਕਣ।
- ਪੱਕੇ ਜਾਂ ਆਰਜ਼ੀ ਆਵਾਸ ਵਿੱਚ ਚੋਣ ਕਰਨ ਬਾਰੇ ਆਮ ਜਾਣਕਾਰੀ।

**ਐਲਬਰਟਾ ਨੂੰ ਆਵਾਸ ਕਰਨ ਬਾਰੇ ਜਾਣਕਾਰੀ ਸੇਵਾ (ਸੋਮਵਾਰ ਤੋਂ ਸ਼ੁੱਕਰਵਾਰ ਤੀਕ) ਨਾਲ ਸੰਪਰਕ ਕਰਨ ਲਈ:**

ਐਲਬਰਟਾ ਵਿੱਚ ਟੋਲ-ਫ੍ਰੀ: **1-877-427-6419**
ਐਲਬਰਟਾ ਤੋਂ ਬਾਹਰ: **780-427-6419**
ਈਮੇਲ ਫ਼ਾਰਮ: **www.AlbertaCanada.com/info**
ਵੇਖੋ: **www.AlbertaCanada.com/immigration**

## ਆਵਾਸੀਆਂ ਲਈ ਸੇਵਾ ਏਜੰਸੀਆਂ

ਐਲਬਰਟਾ ਵਿੱਚ ਵਸੇਬਾ ਕਰਨ ਅਤੇ (ਇਥੋਂ ਦੇ) ਜੀਵਨ ਵਿੱਚ ਰਚ-ਮਿਚ ਜਾਣ ਬਾਰੇ ਮਦਦ ਲਈ ਤੁਹਾਨੂੰ ਸਥਾਨਕ ਆਵਾਸ-ਸੇਵਾ ਏਜੰਸੀ ਨਾਲ ਸੰਪਰਕ ਕਰਨ ਦੀ ਲੋੜ ਪੈ ਸਕਦੀ ਹੈ। ਉਪਲਬਧ ਸੇਵਾਵਾਂ ਵਿੱਚ ਹੇਠ ਦਰਜ ਸ਼ਾਮਲ ਹਨ:

- ਨਿੱਤ ਦੇ ਜੀਵਨ ਅਤੇ ਭਾਈਚਾਰੇ ਅਨੁਸਾਰ ਢਲ਼ਣ, ਜਿਵੇਂ ਕਿ ਪਬਲਿਕ ਟਰਾਂਸਪੋਰਟ ਵਰਤਣ, ਸਭਿਆਚਾਰਕ ਅਤੇ ਧਾਰਮਕ ਸੰਸਥਾਵਾਂ ਦਾ ਪਤਾ ਕਿਵੇਂ ਕਰਨਾ ਹੈ ਅਤੇ ਐਲਬਰਟਾ ਵਿੱਚ ਜੀਵਨ ਬਾਰੇ ਆਮ ਜਾਣਕਾਰੀ ਸੰਬੰਧੀ ਅਮਲੀ ਅਗਵਾਈ।
- ਬੁਨਿਆਦੀ ਦੁਭਾਸ਼ੀਆ ਸੇਵਾਵਾਂ

ਐਲਬਰਟਾ ਵਿੱਚ ਸੇਵਾ ਕਰਨ ਵਾਲੀਆਂ ਸੱਤ ਇੰਮੀਗਰੈਂਟ ਏਜੰਸੀਆਂ ਹਨ ਜਿਹੜੀਆਂ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਵਸੇਬੇ ਦੀਆਂ ਸੇਵਾਵਾਂ ਪੇਸ਼ ਕਰਦੀਆਂ ਹਨ।

### ਕੈਲਗਰੀ

**ਕੈਲਗਰੀ ਕੈਥੋਲਿਕ ਇੰਮੀਗਰੇਸ਼ਨ ਸੁਸਾਇਟੀ (Calgary Catholic Immigration Society)**
3rd Floor, 120 – 17 Avenue S.W. Calgary, AB T2S 2T2
**403-262-2006** www.ccis-calgary.ab.ca

### ਐਡਮਿੰਟਨ

**ਕੈਥੋਲਿਕ ਸੋਸ਼ਲ ਸਰਵਸਿਜ਼ (Catholic Social Services)**
**(ਨਵੇਂ ਆਉਣ ਵਾਲਿਆਂ ਲਈ ਐਡਮਿੰਨਟਨ ਮੈਨੋਨਾਈਟ ਸੈਂਟਰ ਦੀ ਭਾਈਵਾਲੀ ਨਾਲ)**
**(in partnership with the Edmonton Mennonite Centre for Newcomers)**
10709 – 105 Street, Edmonton, AB T5H 2X3
**780-424-3545** www.catholicsocialservices.ab.ca

## ਬਰੂਕਸ

**ਬਰੂਕਸ ਐਂਡ ਕਾਉਂਟੀ ਇੰਮੀਗਰੇਸ਼ਨ ਸਰਵਸਿਜ਼ Brooks and County Immigration Services (ਕੈਲਗਰੀ ਕੈਥੋਲਿਕ ਇੰਮੀਗਰੇਸ਼ਨ ਸੁਸਾਇਟੀ ਦਾ ਪਰੋਜੈਕਟ)**
**(A project of the Calgary Catholic Immigration Society)**
Bay 2 – 500 Cassils Road, Brooks, AB T1R 1B5
**403-362-0404** www.ccis-calgary.ab.ca

## ਬੈਂਫ

**ਕੈਲਗਰੀ ਕੈਥੋਲਿਕ ਇੰਮੀਗਰੇਸ਼ਨ ਸਰਵਸਿਜ਼ Calgary Catholic Immigration Services**
Banff Town Hall, 110 Bear Street, Banff, AB T1L 1A1
**403-762-1254** www.ccis-calgary.ab.ca

## ਫੋਰਟ ਮੈਕਮਰੀ

**ਵਾਈਐਮਸੀਏ–ਵੁੱਡ ਬਫਲੋ, ਸੈਟਲਮੇਨਟ ਡਿਵੈਲਪਮੈਂਟ ਪ੍ਰੋਗਰਾਮ**
**Y.M.C.A. – Immigrant Settlement Services**
201,10011 Franklin Avenue, Hill Building, Fort McMurray, AB T9H 2K6
**780-743-2970** www.ymca.woodbuffalo.org

## ਲੈੱਥਬ੍ਰਿੱਜ

**ਲੈੱਥਬ੍ਰਿੱਜ ਫੈਮਲੀ ਸਰਵਸਿਜ਼ Lethbridge Family Services**
701-2 Avenue South, Lethbridge, AB T1H 0E6
**403-320-1589** www.lethbridge-family-services.com

## ਰੈੱਡ ਡੀਅਰ

**ਕੈਥੋਲਿਕ ਸੋਸਲ਼ ਸਰਵਸਿਜ਼ (Catholic Social Services)**
202, 5000 Gaetz Avenue, Red Deer, AB T4N 6C2
**403-346-8818** www.catholicsocialservices.ab.ca

ਨਵੇਂ ਦੇਸ਼ ਜਾਣ ਲੱਗਿਆਂ ਉਤਸ਼ਾਹ ਹੁੰਦਾ ਹੈ ਅਤੇ ਮਾਨਸਕ ਤਣਾਅ ਵੀ ਹੁੰਦਾ ਹੈ। ਐਲਬਰਟਾ ਵਿੱਚ ਜੀ ਆਇਆਂ ਨੂੰ: ਨਵੇਂ ਆਉਣ ਵਾਲਿਆਂ ਲਈ ਜਾਣਕਾਰੀ ਤੁਹਾਨੂੰ ਐਲਬਰਟਾ ਵਿੱਚ ਪਹਿਲੇ ਕੁਝ ਹਫ਼ਤੇ ਅਤੇ ਮਹੀਨੇ ਰਹਿਣ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ ਜੋ ਤੁਹਾਨੂੰ ਆਪਣੇ ਭਾਈਚਾਰੇ ਵਿੱਚ ਵਸੇਬਾ ਕਰਨ ਵਿੱਚ ਮਦਦ ਕਰੇਗੀ। ਇਸ ਗਾਈਡ ਵਿੱਚ ਇਹ ਵਿਸ਼ੇ- ਹਾਊਜ਼ਿੰਗ, ਸਿਹਤ ਸੰਭਾਲ, ਜਲ਼ਵਾਯੂ, ਬੈਂਕਿੰਗ, ਆਵਾ-ਜਾਈ ਅਤੇ ਸਮਾਜੀ ਰਹੁ-ਰੀਤੀਆਂ ਸ਼ਾਮਲ ਹਨ। ਗਾਈਡ ਵਿੱਚ ਮੁੱਖ ਸੰਪਰਕਾਂ ਦੀ ਸੂਚੀ ਵੀ ਹੈ। ਇਸ ਪ੍ਰਕਾਸ਼ਨ ਨੂੰ ਹਾਸਲ ਕਰਨ ਲਈ **www.alis.alberta.ca/publications** ਤੋਂ ਡਾਊਨ ਲੋਡ ਕਰ ਲਓ ਜਾਂ ਇਥੋਂ ਆਰਡਰ ਕਰੋ।

## ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ

ਜੇ ਤੁਸੀਂ ਅਜਿਹੇ ਆਰਜ਼ੀ ਵਿਦੇਸ਼ੀ ਵਰਕਰ ਹੋ ਜੋ ਐਲਬਰਟਾ ਵਿੱਚ ਆਪਣੀ ਪੱਕੀ ਰਿਹਾਇਸ਼ ਰੱਖਣਾ ਚਾਹੁੰਦਾ ਹੈ, ਤਾਂ ਕੈਨੇਡਾ ਵਿੱਚ ਪੱਕੇ ਰਿਹਾਇਸ਼ੀ ਦਾ ਦਰਜਾ ਹਾਸਲ ਕਰਨ ਲਈ ਤੁਸੀਂ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਨੂੰ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ।

ਪ੍ਰੋਗਰਾਮ ਲਈ ਹਰ ਕਿੱਤਾ ਯੋਗ ਨਹੀਂ ਹੁੰਦਾ। ਐਲਬਰਟਾ ਵਿੱਚ ਆਰਜ਼ੀ ਵਿਦੇਸ਼ੀ ਵਰਕਰ ਵਜੋਂ ਕੰਮ ਕਰਦਾ ਹਰ ਕੋਈ ਵਿਅਕਤੀ ਯੋਗ ਨਹੀਂ ਹੋਵੇਗਾ। ਅਰਜ਼ੀ ਦੇਣ ਤੋਂ ਪਹਿਲਾਂ ਸਾਰੀਆਂ ਸ਼ਰਤਾਂ ਨੂੰ ਧਿਆਨ ਨਾਲ ਪੜ੍ਹ ਲਓ।

### ਕੀ ਤੁਸੀਂ ਐਲਬਰਟਾ ਵਿੱਚ ਪੱਕੀ ਰਿਹਾਇਸ਼ ਰੱਖਣ ਦੇ ਯੋਗ ਹੋ?

ਅੱਗੇ ਦਰਜ ਉਹ ਗੱਲਾਂ ਹਨ ਜਿੰਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਕਿਵੇਂ ਕੰਮ ਕਰਦਾ ਹੈ ਅਤੇ ਤੁਸੀਂ ਇਸ ਪ੍ਰੋਗਰਾਮ ਤੀਕ ਕਿਵੇਂ ਪਹੁੰਚ ਕਰ ਸਕਦੇ ਹੋ।

1. ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਦੀ ਵੈੱਬਸਾਈਟ **www.AlbertaCanada.com/ainp** ਉੱਪਰ ਜਾਓ।
2. ਇਹ ਪਤਾ ਕਰਨ ਲਈ ਕਿ ਕੀ ਤੁਸੀਂ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਪ੍ਰੋਗਰਾਮ ਦੀਆਂ ਵੱਖ ਵੱਖ ਸਟਰੀਮਜ਼ ਅਤੇ ਸ਼੍ਰੇਣੀਆਂ ਦਾ ਅਧਿਐਨ ਕਰੋ।
    - **ਮਾਲਕ ਵੱਲੋਂ ਚਲਾਈ ਜਾਂਦੀ ਸਟਰੀਮ:** ਹੁਨਰ ਜਾਂ ਅਰਧ-ਹੁਨਰਾਂ ਵਾਲੇ ਕਿੱਤਿਆਂ ਦੇ ਉਮੀਦਵਾਰ, ਜਿੰਨ੍ਹਾਂ ਕੋਲ ਐਲਬਰਟਾ ਦੇ ਰੁਜ਼ਗਾਰ-ਮਾਲਕ ਵੱਲੋਂ ਪੱਕੀ, ਕੁੱਲ-ਵਕਤੀ ਨੌਕਰੀ ਦੀ ਪੇਸ਼ਕਸ਼ ਹੈ।
    - **ਸਟਰੈਟੀਜਕ ਰੈਕਰੂਟਮੈਂਟ ਸਟਰੀਮ:** ਕੁਝ ਚੋਣਵੇਂ ਕਿੱਤਿਆਂ, ਜਿੰਨ੍ਹਾਂ ਦੀ ਐਲਬਰਟਾ ਵਿੱਚ ਬਹੁਤ ਵੱਧ ਮੰਗ ਹੈ, ਦੇ ਉਮੀਦਵਾਰ।
    - **ਫੈਮਲੀ ਸਟਰੀਮ:** ਐਲਬਰਟਾ ਵਿੱਚ ਨਜ਼ਦੀਕੀ ਰਿਸ਼ਤੇਦਾਰੀ ਵਾਲੇ ਉਮੀਦਵਾਰ ਜੋ ਐਲਬਰਟਾ ਅੰਦਰ ਵਸੇਬੇ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹੋਣ।
3. ਜੇ ਤੁਸੀਂ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਪ੍ਰੋਗਰਾਮ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਵੋ, ਤਾਂ ਤੁਸੀਂ ਅਰਜ਼ੀ ਮੁਕੰਮਲ ਕਰ ਸਕਦੇ ਹੋ। ਯਕੀਨੀ ਬਣਾਓ ਕਿ ਤੁਸੀਂ ਸਾਰੇ ਲੋੜੀਂਦੇ ਦਸਤਾਵੇਜ਼ ਸ਼ਾਮਲ ਕਰੋ ਨਹੀਂ ਤਾਂ ਤੁਹਾਡੀ ਅਰਜ਼ੀ ਤੁਹਾਨੂੰ ਵਾਪਸ ਭੇਜ ਦਿੱਤੀ ਜਾਵੇਗੀ। ਜੇ ਤੁਹਾਡੀ ਅਰਜ਼ੀ ਸ਼ਰਤਾਂ ਪੂਰੀਆਂ ਨਹੀਂ ਕਰਦੀ ਤਾ ਇਹ ਨਾਮਨਜ਼ੂਰ ਹੋ ਜਾਵੇਗੀ।
4. ਮੁਕੰਮਲ ਕੀਤੀ ਆਪਣੀ ਅਰਜ਼ੀ ਨੂੰ ਡਾਕ ਰਾਹੀ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਨੂੰ ਭੇਜੋ।

   Alberta Immigrant Nominee Program<br>Suite 940, Telus Plaza North Tower<br>10025 Jasper Avenue, Edmonton, Alberta T5J 1S6
5. ਜੇ ਅਰਜ਼ੀ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਲਈ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ ਤਾਂ ਤੁਹਾਨੂੰ ਪਰੋਵਿੰਸ਼ਲ ਨੌਮੀਨੀ ਵਜੋਂ ਪਰਵਾਨਗੀ ਮਿਲ ਸਕਦੀ ਹੈ। ਜੇ ਪਰਵਾਨਗੀ ਮਿਲ ਜਾਵੇ, ਤਾਂ ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਨਾਮਜ਼ਦਗੀ ਦਾ ਪੈਕੇਜ ਭੇਜੇਗਾ ਜਿਸ ਵਿੱਚ ਕਰਨ ਵਾਲੇ ਅਗਲੇ ਕੰਮਾਂ ਦੀ ਰੂਪ-ਰੇਖਾ ਦਿੱਤੀ ਹੋਵੇਗੀ; ਇਨ੍ਹਾਂ ਕੰਮਾਂ ਵਿੱਚ ਸਿਟੀਜ਼ਨਸ਼ਿੱਪ ਐਂਡ ਇੰਮੀਗਰੇਸ਼ਨ ਕੈਨੇਡਾ (CIC) ਨੂੰ ਪੱਕੇ ਰਿਹਾਇਸ਼ੀ ਬਣਨ ਲਈ ਅਰਜ਼ੀ ਤਿਆਰ ਕਰਨੀ ਅਤੇ ਭੇਜਣੀ ਸ਼ਾਮਲ ਹੈ।

6. ਸੀਆਈਸੀ (CIC) ਫਿਰ ਸਿਹਤ, ਜੁਰਮ ਅਤੇ ਸੁਰੱਖਿਆ ਸੰਬੰਧੀ ਜਾਂਚ-ਪੜਤਾਲ ਕਰੇਗਾ। ਜੇ ਇਹ ਜਾਂਚ-ਪੜਤਾਲ ਠੀਕ ਸਾਬਤ ਹੁੰਦੀ ਹੈ ਤਾਂ ਤੁਸੀਂ ਪੱਕੇ ਰਿਹਾਇਸ਼ੀ ਬਣ ਜਾਵੋਗੇ।

ਅਰਜ਼ੀ ਮੁਕੰਮਲ ਕਰਨ ਲਈ ਤੁਹਾਨੂੰ ਕਿਸੇ ਇੰਮੀਗਰੇਸ਼ਨ ਸਲਾਹਕਾਰ ਜਾਂ ਵਕੀਲ ਦੀ ਲੋੜ ਨਹੀਂ। ਅਰਜ਼ੀ ਮੁਕੰਮਲ ਕਰਨ ਲਈ ਜੇ ਤੁਸੀਂ ਨੁਮਾਇੰਦੇ ਦੀਆਂ ਸੇਵਾਵਾਂ ਲੈਂਦੇ ਹੋ ਤਾਂ ਇਸ ਨਾਲ ਤੁਹਾਡੀ ਅਰਜ਼ੀ ਨੂੰ ਵਿਸੇਸ਼ ਤਵੱਜੋ ਨਹੀਂ ਮਿਲੇਗੀ ਜਾਂ ਇਸ ਉੱਪਰ ਦੂਜੀਆਂ ਅਰਜ਼ੀਆਂ ਨਾਲੋਂ ਵੱਖਰੀ ਤਰ੍ਹਾਂ ਕਾਰਵਾਈ ਨਹੀਂ ਹੋਵੇਗੀ।

ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (AINP) ਬਾਰੇ ਵਧੇਰੇ ਜਾਣਕਾਰੀ ਲਈ **www.AlbertaCanada.com/ainp** ਉੱਪਰ ਜਾਓ।

## ਸਾਧਨ

### ਐਲਬਰਟਾ

#### ਐਲਬਰਟਾ ਹੈਲਥ ਕੇਅਰ ਇੰਨਸ਼ੋਰੈਂਸ ਪਲੈਨ

**www.health.alberta.ca/health-care-insurance-plan.html**

#### ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ

**www.AlbertaCanada.com/ainp**

#### ਐਲਬਰਟਾ ਆਰਜ਼ੀ ਵਿਦੇਸ਼ੀ ਵਰਕਰ ਇਮਦਾਦੀ ਲਾਈਨ

ਐਡਮਿੰਨਟਨ ਅਤੇ ਖੇਤਰ: **780-644-9955**
ਐਲਬਰਟਾ ਤੋਂ ਬਾਹਰ: **1-877-944-9955**
ਈਮੇਲ: **tfwadvisory.office@gov.ab.ca**

#### ਰੁਜ਼ਗਾਰ ਦੇ ਮਿਆਰ

ਐਡਮਿੰਨਟਨ ਅਤੇ ਖੇਤਰ: **780-427-3731**
ਕੈਨੇਡਾ ਵਿੱਚ ਟੋਲ-ਫ੍ਰੀ: **1-877-427-3731**
**www.employment.alberta.ca/es**

#### ਐਲਬਰਟਾ ਵਿੱਚ ਆਵਾਸ ਕਰਨ ਬਾਰੇ ਜਾਣਕਾਰੀ ਸੇਵਾ

ਐਲਬਰਟਾ ਵਿੱਚ ਟੋਲ-ਫ੍ਰੀ: **1-877-427-6419**
ਐਲਬਰਟਾ ਤੋਂ ਬਾਹਰ: **780-427-6419**
ਈਮੇਲ ਫ਼ਾਰਮ: **www.AlbertaCanada.com/info**

### ਇੰਨਫਰਮੇਸ਼ਨ ਐਂਡ ਪਰਾਈਵੇਸੀ ਕਮਿਸ਼ਨਰ ਦਾ ਦਫ਼ਤਰ (OIPC)

ਕੈਲਗਰੀ ਦਫ਼ਤਰ: **403-297-2728**
ਐਡਮਿੰਟਨ ਦਫ਼ਤਰ: **780-422-6860**
ਐਲਬਰਟਾ ਵਿੱਚ ਟੋਲ-ਫ੍ਰੀ: **1-888-878-4044**
**www.oipc.ab.ca**

### ਸਰਵਿਸ ਐਲਬਰਟਾ ਕਨਜ਼ਿਊਮਰ ਸੰਪਰਕ ਸੈਂਟਰ

ਐਡਮਿੰਟਨ ਅਤੇ ਖੇਤਰ: **780-427-4088**
ਐਲਬਰਟਾ ਵਿੱਚ ਟੋਲ-ਫ੍ਰੀ: **1-877-427-4088**
**www.servicealberta.ca**

### ਆਰਜ਼ੀ ਵਿਦੇਸ਼ੀ ਵਰਕਰ ਮਸ਼ਵਰਾ ਦਫ਼ਤਰ

ਨੌਰਥ ਵਾਲੀ ਜਗ੍ਹਾ (ਐਡਮਿੰਟਨ)
3rd Floor, City Centre, 10242 - 105 Street Edmonton, AB T5J 3L5
**780-644-2584**

ਸਾਊਥ ਵਾਲੀ ਜਗ੍ਹਾ (ਕੈਲਗਰੀ)
3rd Floor, JJ Bowlen Building, 620 – 7th Avenue S.W. Calgary, AB T2P 0Y8
**403-476-4540**

### ਡਬਲਿਊ ਸੀ ਬੀ (WCB) ਐਲਬਰਟਾ

ਐਲਬਰਟਾ ਵਿੱਚ ਟੋਲ-ਫ੍ਰੀ: **1-866-WCB-WCB1 (1-866-922-9221)**
ਐਲਬਰਟਾ ਤੋਂ ਬਾਹਰ: **1-800-661-9608**
ਈਮੇਲ: **contactcentre@wcb.ab.ca**
**www.wcb.ab.ca**

### ਕੰਮ ਵਾਲੀ ਜਗ੍ਹਾ ਵਿਖੇ ਸਿਹਤ ਅਤੇ ਸੁਰੱਖਿਆ

ਫ਼ੋਨ: **1-866-415-8690**
**www.employment.alberta.ca/whs**

## ਕੈਨੇਡਾ

### ਸਿਟੀਜ਼ਨਸ਼ਿੱਪ ਐਂਡ ਇੰਮੀਗਰੇਸ਼ਨ ਕੈਨੇਡਾ

ਫ਼ੋਨ: **1-888-242-2100**
**www.cic.gc.ca**

### ਸਰਵਿਸ ਕੈਨੇਡਾ

**www.hrsdc.gc.ca/eng/workplaceskills/foreign_workers/index.shtml**



ਆਪਣੇ ਵਰਕ ਪਰਮਿਟ ਦੇ ਜਾਇਜ਼ ਅਤੇ ਦਰੁਸਤ ਹੋਣ ਬਾਰੇ, ਆਪਣਾ ਨਾਂ,ਅਤੇ ਜਨਮ ਦੀ ਮਿਤੀ, ਮਾਲਕ ਦਾ ਨਾਂ, ਕੰਮ ਕਰਨ ਵਾਲੀ ਜਗ੍ਹਾ, ਅਤੇ ਕੰਮ ਜੋ ਤੁਸੀਂ ਕਰਦੇ ਹੋ, ਨੂੰ ਪੜ੍ਹ ਲਓ।

# ਆਰਜ਼ੀ ਵਿਦੇਸ਼ੀ ਵਰਕਰਾਂ ਵੱਲੋਂ ਪਹਿਲੇ ਦਿਨ ਪੜਤਾਲ ਕਰਨ ਲਈ ਸੂਚੀ

ਆਪਣੇ ਵਰਕ ਪਰਮਿਟ ਦੇ ਜਾਇਜ਼ ਅਤੇ ਦਰੁਸਤ ਹੋਣ ਬਾਰੇ, ਆਪਣਾ ਨਾਂ,ਅਤੇ ਜਨਮ ਦੀ ਮਿਤੀ, ਮਾਲਕ ਦਾ ਨਾਂ, ਕੰਮ ਕਰਨ ਵਾਲੀ ਜਗ੍ਹਾ, ਅਤੇ ਕੰਮ ਜੋ ਤੁਸੀਂ ਕਰਦੇ ਹੋ, ਨੂੰ ਪੜ੍ਹ ਲਓ।

## ਮੇਰਾ ਕੰਮ ਕਰਨ ਵਾਲਾ ਦਿਨ

- ◯ ਹਰ ਰੋਜ਼ ਮੇਰੇ ਕੰਮ ਕਰਨ ਦੇ ਘੰਟੇ ਕੀ ਹਨ?
- ◯ ਮੇਰ੍ਹੇ ਰੈਗੂਲਰ ਕੰਮ ਕਰਨ ਦੇ ਦਿਨ ਕਿਹੜੇ ਹਨ?
- ◯ ਕੀ ਮੈਨੂੰ ਸ਼ਿਫ਼ਟ ਸ਼ੁਰੂ ਹੋਣ ਤੋਂ ਪਹਿਲਾਂ ਕੰਮ ‘ਤੇ ਪਹੁੰਚਣਾ ਚਾਹੀਦਾ ਹੈ?
- ◯ ਮੇਰੀ ਲੰਚ ਬਰੇਕ ਕਿੰਨੀ ਹੈ?
- ◯ ਕੀ ਮੇਰੀ ਲੰਚ ਬਰੇਕ ਦੇ ਸਮੇਂ ਦੀ ਤਨਖ਼ਾਹ ਮਿਲਦੀ ਹੈ?
- ◯ ਕੀ ਮੈਨੂੰ ਕਾਫ਼ੀ ਬਰੇਕ ਜਿਹੀ ਹੋਰ ਬਰੇਕ ਵੀ ਮਿਲਦੀ ਹੈ?
- ◯ ਓਵਰਟਾਈਮ ਲੈਣ ਦੇ ਯੋਗ ਹੋਣ ਲਈ ਮੈਨੂੰ ਕਿੰਨੇ ਰੈਗੂਲਰ ਘੰਟੇ ਕੰਮ ਕਰਨਾ ਚਾਹੀਦਾ ਹੈ?
- ◯ ਕਿੰਨਾ ਕੁ ਓਵਰਟਾਈਮ, ਜੇ ਹੋਵੇ, ਲੋੜੀਂਦਾ ਹੈ?
- ◯ ਕੀ ਮੈਨੂੰ ਕੰਮ ‘ਤੇ ਪਹੁੰਚਣ ਅਤੇ ਵਾਪਸ ਲਿਆਉਣ ਲਈ ਟਰਾਂਸਪੋਰਟੇਸ਼ਨ ਮੁਹੱਈਆ ਕੀਤੀ ਜਾਵੇਗੀ?

## ਤਨਖ਼ਾਹ ਅਤੇ ਲਾਭ

- ◯ ਮੈਨੂੰ ਤਨਖ਼ਾਹ ਕਿਵੇਂ ਮਿਲੇਗੀ?
- ◯ ਤਨਖ਼ਾਹ ਮੈਨੂੰ ਕਿੰਨੀ ਵਾਰੀ ਮਿਲੇਗੀ?
- ◯ ਓਵਰਟਾਈਮ ਦੀ ਮੇਰੀ ਦਰ ਕੀ ਹੈ?
- ◯ ਕੀ ਮੈਨੂੰ ਸਿਹਤ ਸੰਬੰਧੀ ਲਾਭ, ਪੈਨਸ਼ਨ ਜਾਂ ਯੂਨੀਅਨ ਮੈਂਬਰਸ਼ਿੱਪ ਮਿਲੇਗੀ?
- ◯ ਇਨ੍ਹਾਂ ਲਾਭਾਂ ਲਈ ਮੈਨੂੰ ਕਿੰਨਾ ਖ਼ਰਚਾ ਦੇਣਾ ਪਵੇਗਾ?
- ◯ ਕੀ ਮੇਰੀ ਤਨਖ਼ਾਹ ਵਿੱਚੋਂ ਕਟੌਤੀਆਂ ਦੀ ਜਾਂਚ ਕਰਨ ਲਈ ਮੇਰੇ ਨਾਲ ਕੋਈ ਹੋਵੇਗਾ?
- ◯ ਕੀ ਕੰਮ ‘ਤੇ ਜਾਣ ਅਤੇ ਵਾਪਸ ਆਉਣ ਦੇ ਸਫ਼ਰ ਲਈ ਮੈਨੂੰ ਅਦਾਇਗੀ ਹੋਵੇਗੀ?
- ◯ ਕੀ ਮੈਨੂੰ ਬੋਨਸ ਅਦਾ ਹੋਵੇਗਾ? ਬੋਨਸ ਲੈਣ ਲਈ ਮੈਨੂੰ ਕੀ ਕਰਨਾ ਪਵੇਗਾ?
- ◯ ਬੋਨਸ ਕਿੰਨਾ ਕੁ ਹੋਵੇਗਾ?

## ਕੰਮ ਤੋਂ ਛੁੱਟੀ ਲੈਣੀ (ਟਾਈਮ ਆਫ਼)

- ਕੀ ਮੈਨੂੰ ਤਨਖ਼ਾਹ ਸਮੇਤ ਵਕੇਸ਼ਨ ਮਿਲਦੀ ਹੈ ਜਾਂ ਮੇਰੀ ਵਕੇਸ਼ਨ ਦੀ ਤਨਖ਼ਾਹ ਮੇਰੇ ਪੇਅ ਚੈੱਕ ਵਿੱਚ ਸ਼ਾਮਲ ਹੁੰਦੀ ਹੈ?
- ਮੇਰੀ ਵਕੇਸ਼ਨ ਦਾ ਸਮਾਂ/ਤਨਖ਼ਾਹ ਕਿਸ ਹਿਸਾਬ ਨਾਲ ਲਾਇਆ ਜਾਂਦਾ ਹੈ?
- ਜੇ ਮੈਂ ਬਿਮਾਰ ਹੋ ਜਾਵਾਂ ਤਾਂ ਕੀ ਹੁੰਦਾ ਹੈ? ਮੈਨੂੰ ਕਿਸ ਨਾਲ ਸੰਪਰਕ ਕਰਨਾ ਹੁੰਦਾ ਹੈ?
- ਮੇਰੀ ਜ਼ੁੰਮੇਵਾਰੀ ਕੀ ਹੁੰਦੀ ਹੈ?
- ਕੀ ਮੈਨੂੰ ਬਿਮਾਰੀ ਵਾਲੇ ਦਿਨਾਂ ਦੀ ਤਨਖ਼ਾਹ ਮਿਲਦੀ ਹੈ?
- ਕੀ ਮੈਂ ਬਿਨਾ ਤਨਖ਼ਾਹ ਤੋਂ ਛੁੱਟੀ ਲੈ ਸਕਦਾ ਹਾਂ?

## ਸਿਹਤ ਅਤੇ ਸੁਰੱਖਿਆ ਬਾਰੇ ਪ੍ਰਸ਼ਨ

- ਮੇਰੇ ਕੰਮ ਉੱਤੇ ਕਿਹੜੇ ਜੋਖ਼ਮ ਅਤੇ ਖ਼ਤਰੇ ਹਨ?
- ਆਪਣੇ ਕੰਮ ਵਾਲੀ ਜਗ੍ਹਾ ਕਿਹੜੇ ਹੋਰ ਖ਼ਤਰੇ ਹਨ ਜਿੰਨ੍ਹਾਂ ਬਾਰੇ ਮੈਨੂੰ ਪਤਾ ਹੋਣਾ ਚਾਹੀਦਾ ਹੈ?
- ਕੰਮ ਦੀ ਸਿਖਲਾਈ ਮੈਨੂੰ ਕਦੋਂ ਮਿਲੇਗੀ?
- ਕੀ ਮੇਰੇ ਵੇਖਣ ਲਈ ਸਿਹਤ ਅਤੇ ਸੁਰੱਖਿਆ ਬਾਰੇ ਕੋਈ ਉਪਲਬਧ ਜਾਣਕਾਰੀ ਹੈ?
- ਕੀ ਸਿਹਤ ਅਤੇ ਸੁਰੱਖਿਆ ਦੀਆਂ ਮੀਟਿੰਗਾਂ ਹੁੰਦੀਆਂ ਹਨ?
- ਫ਼ਸਟ ਏਡ ਕਿਟਾਂ ਅਤੇ ਅੱਗ ਬਝਾਉਣ ਵਾਲੇ ਯੰਤਰ ਕਿਸ ਜਗ੍ਹਾ ਰੱਖੇ ਹੁੰਦੇ ਹਨ?
- ਜੇ ਅੱਗ ਲੱਗ ਜਾਂਦੀ ਹੈ ਜਾਂ ਹੋਰ ਐਮਰਜੈਂਸੀ ਵਾਪਰਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
- ਜੇ ਕੰਮ ‘ਤੇ ਮੈਨੂੰ ਸੱਟ ਲੱਗ ਜਾਵੇ ਤਾਂ ਮੈਨੂੰ ਕਿਸ ਕੋਲ ਜਾਣਾ ਚਾਹੀਦਾ ਹੈ?
- ਸਿਹਤ ਅਤੇ ਸੁਰੱਖਿਆ ਬਾਰੇ ਮੇਰੀਆਂ ਕੀ ਜ਼ੁੰਮੇਵਾਰੀਆਂ ਹਨ?
- ਸਿਹਤ ਅਤੇ ਸੁਰੱਖਿਆ ਬਾਰੇ ਮੇਰੇ ਮਾਲਕ ਦੀਆਂ ਕੀ ਜ਼ੁੰਮੇਵਾਰੀਆਂ ਹਨ?
- ਜੇ ਸਿਹਤ ਅਤੇ ਸੁਰੱਖਿਆ ਬਾਰੇ ਕੋਈ ਪ੍ਰਸ਼ਨ ਹੋਵੇ ਤਾਂ ਮੈਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

**ਵਧੇਰੇ ਜਾਣਕਾਰੀ ਲਈ ਹੇਠ ਦਰਜ ਨਾਲ ਸੰਪਰਕ ਕਰੋ:**

**ਐਲਬਰਟਾ ਆਰਜ਼ੀ ਵਿਦੇਸ਼ੀ ਵਰਕਰਾਂ ਲਈ ਇਮਦਾਦੀ ਲਾਈਨ:**


ਐਡਮਿੰਨਟਨ ਅਤੇ ਖੇਤਰ: **780-644-9955**
ਦੁਨੀਆ ਵਿੱਚ ਕਿਸੇ ਵੀ ਥਾਂ ਤੋਂ: **1-877-944-9955**
ਈਮੇਲ: **tfwadvisory.office@gov.ab.ca**


**ਆਰਜ਼ੀ ਵਿਦੇਸ਼ੀ ਵਰਕਰ ਮਸ਼ਵਰਾ ਦਫ਼ਤਰ:**


ਨੌਰਥ ਵਾਲੀ ਜਗ੍ਹਾ (ਐਡਮਿੰਨਟਨ)
3rd Floor, City Centre
10242 - 105 Street
Edmonton, AB T5J 3L5
**780-644-2584**

ਸਾਊਥ ਵਾਲੀ ਜਗ੍ਹਾ (ਕੈਲਗਰੀ)
3rd Floor, JJ Bowlen Building,
620 - 7th Avenue S.W.
Calgary, AB T2P 0Y8
**403-476-4540**


**ਐਲਬਰਟਾ ਵਿੱਚ ਆਵਾਸ ਕਰਨ ਬਾਰੇ ਜਾਣਕਾਰੀ ਸੇਵਾ:**


ਐਲਬਰਟਾ ਵਿੱਚ ਟੋਲ-ਫ੍ਰੀ: **1-877-427-6419**
ਐਲਬਰਟਾ ਤੋਂ ਬਾਹਰ: **780-427-6419**
ਈਮੇਲ ਫ਼ਾਰਮ: **www.AlbertaCanada.com/info**



**ਐਲਬਰਟਾ ਐਂਪਲਾਇਮੈਂਟ ਐਂਡ ਇੰਮੀਗਰੇਸ਼ਨ ਵੱਲੋਂ ਤਿਆਰ ਕੀਤਾ ਗਿਆ।**



ਇਸ ਸਮਗਰੀ ਨੂੰ ਗ਼ੈਰ-ਤਜਾਰਤੀ ਮੰਤਵ ਲਈ ਵਰਤਿਆ ਜਾ ਸਕਦਾ ਹੈ, ਇਸ ਦੀ ਨਕਲ ਤਿਆਰ ਕੀਤੀ ਜਾ ਸਕਦੀ ਹੈ, ਇਸ ਨੂੰ ਸਾਂਭਿਆ ਜਾਂ ਅੱਗੇ ਭੇਜਿਆ ਜਾ ਸਕਦਾ ਹੈ। ਇਸ ਸਮਗਰੀ ਦੇ ਸਰੋਤਾਂ ਨੂੰ ਮਾਨਤਾ ਦੇਣੀ ਲਾਜ਼ਮੀ ਹੈ। ਐਲਬਰਟਾ ਸਰਕਾਰ ਦੀ ਪਰਵਾਨਗੀ ਦੇ ਬਿਨਾਂ, ਇਸ ਸਮਗਰੀ ਨੂੰ ਤਜਾਰਤੀ ਮੰਤਵ ਲਈ ਵਰਤਿਆ ਨਹੀਂ ਜਾ ਸਕਦਾ, ਨਕਲ ਨਹੀਂ ਤਿਆਰ ਕੀਤੀ ਜਾ ਸਕਦੀ, ਸਾਂਭਿਆ ਜਾ ਅੱਗੇ ਨਹੀਂ ਭੇਜਿਆ ਜਾ ਸਕਦਾ। ਜਦੋਂ ਤੀਕ ਐਲਬਰਟਾ ਸਰਕਾਰ ਵੱਲੋਂ ਲਾਇਸੈਂਸਸ਼ੁਦਾ ਨਹੀਂ ਹੁੰਦੀ, ਇਹ ਸਮਗਰੀ ਵੇਚਣ ਲਈ ਨਹੀਂ ਹੈ।

## ਅਜਿਹੇ ਕਰਮਚਾਰੀਆਂ ਲਈ ਗਾਈਡ ਜਿਹੜੇ ਆਰਜ਼ੀ ਵਿਦੇਸ਼ੀ ਵਰਕਰ ਹਨ

### ਇਸ ਪ੍ਰਕੱਨ ਵਿੰਚ ਇਹਨੱ ਬੱਰੇ ਜੱਣਕੱਰੀ ਹੈ:

ਆਰਜ਼ੀ ਵਿਦੇਸ਼ੀ ਵਰਕਰ ਪ੍ਰੋਗਰਾਮ

ਅੈਲਬਰਟਾ ਵਿੱਚ ਕਰਮਚਾਰੀਆਂ ਨੂੰ ਕੀ ਜਾਣਨ ਦੀ ਲੋੜ ਹੈ

ਐਲਬਰਟਾ ਵੱਲੋਂ ਆਰਜ਼ੀ ਵਿਦੇਸ਼ੀ ਵਰਕਰਾਂ ਦੀ ਮਦਦ

ਐਲਬਰਟਾ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ

ਸਾਧਨ

© 2010 Government of Alberta
Printed in Canada for free distribution
Published: October 2010

ISBN: 978-0-7785-9121-4

Government of Alberta

ਇਸ ਗਾਈਡ ਦੇ ਮਿਤੀਆਂਤਕ ਰੂਪ, ਦੂਜੀਆਂ ਪ੍ਰਕਾਸ਼ਨਾਂ ਅਤੇ ਅਧਿਕ ਜਾਣਕਾਰੀ ਲਈ ਵੇਖੋ:
www.employment.alberta.ca/immigration-tfw